# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 43 Friday, March 06, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਲਈ ਕੇਨੀ ਨੇ ਓਟੂਲੇ ਦੀ ਪਿੱਠ ਥਾਪੜੀ




ਓਟਵਾ, 5 ਮਾਰਚ (ਪੋਸਟ ਬਿਊਰੋ) : ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ, ਜਿਨ੍ਹਾਂ ਨੂੰ ਕੈਨੇਡਾ ਵਿੱਚ ਕੰਜ਼ਰਵੇਟਿਵ ਮੁਹਿੰਮ ਨਾਲ ਜੁੜੇ ਲੀਡਰਜ਼ ਦਾ ਰਾਜਾ ਮੰਨਿਆ ਜਾਂਦਾ ਹੈ, ਵੱਲੋਂ ਫੈਡਰਲ ਪਾਰਟੀ ਦੀ ਅਗਵਾਈ ਲਈ ਐਰਿਨ ਓਟੂਲੇ ਦਾ ਸਮਰਥਨ ਕੀਤਾ ਜਾ ਰਿਹਾ ਹੈ।

ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਪੀਟਰ ਮੈਕੇਅ ਦੀ ਕੈਂਪੇਨ ਵੱਲੋਂ ਹੁਣ ਤੱਕ ਇੱਕ ਮਿਲੀਅਨ ਡਾਲਰ ਇੱਕਠਾ ਕਰ ਲਏ ਜਾਣ ਤੋਂ ਬਾਅਦ ਹੀ ਓਟੂਲੇ ਨੂੰ ਕੇਨੀ ਦਾ ਸਮਰਥਨ ਮਿਲ ਰਿਹਾ ਮੰਨਿਆ ਜਾ ਰਿਹਾ ਹੈ। ਹਾਲਾਂਕਿ ਮੈਕੇਅ ਨੂੰ ਵੀ ਕਈ ਕੰਜ਼ਰਵੇਟਿਵ ਐਮਪੀਜ਼ ਵੱਲੋਂ ਸਮਰਥਨ ਹਾਸਲ ਹੋ ਚੁੱਕਿਆ ਹੈ। ਲੀਡਰਸ਼ਿਪ ਦੌੜ ਵਿੱਚ ਕੇਨੀ ਦੇ ਸਮਰਥਨ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਅਲਬਰਟਾ ਦੇ ਪ੍ਰੀਮੀਅਰ ਕੇਨੀ ਨੇ 1997 ਤੋਂ ਲੈ ਕੇ 2016 ਤੱਕ ਐਮਪੀ ਵਜੋਂ ਸੇਵਾ ਨਿਭਾਈ ਹੈ ਤੇ ਮੌਜੂਦਾ ਕੰਜ਼ਰਵੇਟਿਵ ਪਾਰਟੀ ਦੇ ਪਸਾਰ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ ਹੈ ਖਾਸਤੌਰ ਉੱਤੇ ਸਬਅਰਬਨ ਕੈਨੇਡੀਅਨਾਂ ਦਰਮਿਆਨ।

ਇਹ ਵੀ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਟੋਰੀਜ਼ ਨੇ ਪੱਕੇ ਪੈਰੀਂ 2006 ਵਿੱਚ ਘੱਟ ਗਿਣਤੀ ਸਰਕਾਰ ਤੋਂ ਲੈ ਕੇ 2011 ਵਿੱਚ ਬਹੁਗਿਣਤੀ ਸਰਕਾਰ ਬਣਨ ਤੱਕ ਦਾ ਆਪਣਾ ਸਫਰ ਤੈਅ ਕੀਤਾ। ਓਟੂਲੇ ਤੇ ਮੈਕੇਅ ਦੋਵੇਂ ਹੀ ਕੇਨੀ ਨਾਲ ਉਸ ਕੈਬਨਿਟ ਵਿੱਚ ਰਹੇ ਹਨ। ਕੇਨੀ ਨੇ ਆਖਿਆ ਕਿ ਵੈਸਟ ਅਤੇ ਸਾਡੀ ਊਰਜਾ ਇੰਡਸਟਰੀ ਨੂੰ ਦਰਪੇਸ਼ ਚੁਣੌਤੀਆਂ ਪ੍ਰਤੀ ਓਟੂਲੇ ਦੀ ਸਮਝ ਨੂੰ ਲੈ ਕੇ ਉਹ ਕਾਫੀ ਪ੍ਰਭਾਵਿਤ ਹਨ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਬੀਸੀ 'ਚ ਕੋਰੋਨਾ ਵਾਇਰਸ ਦੇ 13 ਮਾਮਲਿਆਂ ਦੀ ਪੁਸ਼ਟੀ



ਪੰਨਾ 03

ਆਮ ਆਦਮੀ ਪਾਰਟੀ: ਪੰਜਾਬ ਦੇ ਨਵੇਂ ਇੰਚਾਰਜ ਜਰਨੈਲ ਸਿੰਘ ਵੱਲੋਂ ਰਾਜਨੀਤੀ ਬਦਲਣ ਦਾ ਦਾਅਵਾ



ਪੰਨਾ 04

## 4 ਮਿਲੀਅਨ ਡਾਲਰ ਦੇ ਕਰਜ਼ੇ ਦੀ ਭਰਪਾਈ ਲਈ ਅਗਵਾ ਕੀਤਾ ਗਿਆ 14 ਸਾਲਾ ਲੜਕਾ : ਪੁਲਿਸ



ਟੋਰਾਂਟੋ, 5 ਮਾਰਚ (ਪੋਸਟ ਬਿਊਰੋ) : ਟੋਰਾਂਟੋ ਤੋਂ ਅਗਵਾ ਕੀਤੇ ਗਏ 14 ਸਾਲਾ ਲੜਕੇ ਨੂੰ ਕਥਿਤ ਤੌਰ ਉੱਤੇ ਆਪਣੇ ਮਤਰਏ ਭਰਾ ਸਿਰ ਚੜ੍ਹੇ 4 ਮਿਲੀਅਨ ਡਾਲਰ ਦੇ ਨਸ਼ਿਆਂ ਸਬੰਧੀ ਕਰਜ਼ੇ ਦੀ ਭਰਪਾਈ ਲਈ ਫੜ੍ਹਿਆ ਗਿਆ ਸੀ। ਇਹ ਜਾਣਕਾਰੀ ਪੁਲਿਸ ਨੇ ਦਿੱਤੀ। ਸ਼ਾਮਾਹ ਜ਼ੋਲਾਯੇਮੀ ਨਾਂ ਦੇ ਇਸ 14 ਸਾਲਾ ਲੜਕੇ ਦੇ ਅਗਵਾ ਹੋਣ ਦੇ ਸਬੰਧ ਵਿੱਚ ਐਂਬਰ ਐਲਰਟ ਜਾਰੀ ਕੀਤਾ ਗਿਆ ਸੀ। ਪੁਲਿਸ ਅਨੁਸਾਰ ਇਸ ਲੜਕੇ ਨੂੰ ਸਵੇਰੇ 8.26 ਉੱਤੇ ਵੇਖਿਆ ਗਿਆ ਸੀ।

...ਬਾਕੀ ਪੰਨਾ 6 'ਤੇ


## ਓਨਟਾਰੀਓ ਵਿੱਚ ਕੋਵਿਡ-19 ਦੇ ਤਿੰਨ ਹੋਰ ਮਾਮਲੇ ਆਏ ਸਾਹਮਣੇ, ਕੁੱਲ ਗਿਣਤੀ ਹੋਈ 23



ਟੋਰਾਂਟੋ, 5 ਮਾਰਚ (ਪੋਸਟ ਬਿਊਰੋ) : ਸਿਹਤ ਅਧਿਕਾਰੀਆਂ ਵੱਲੋਂ ਓਨਟਾਰੀਓ ਵਿੱਚ ਕੋਰੋਨਾਵਾਇਰਸ ਦੇ ਤਿੰਨ ਨਵੇਂ ਮਾਮਲਿਆਂ ਦੀ ਪੁਸ਼ਟੀ ਕੀਤੀ ਗਈ ਹੈ। ਹੁਣ ਪ੍ਰੋਵਿੰਸ ਵਿੱਚ ਕੋਵਿਡ-19 ਦੇ ਮਾਮਲਿਆਂ ਦੀ ਗਿਣਤੀ 23 ਤੱਕ ਅੱਪੜ ਗਈ ਹੈ। ਇਨ੍ਹਾਂ ਵਿੱਚ ਇਸ ਵਾਇਰਸ ਤੋਂ ਠੀਕ ਹੋ ਚੁੱਕੇ ਲੋਕ ਵੀ ਸ਼ਾਮਲ ਹਨ।

...ਬਾਕੀ ਪੰਨਾ 6 'ਤੇ

## ਗੁਰਦੁਆਰਾ ਪਹਿਲੀ ਪਾਤਸ਼ਾਹੀ, ਬਾਲ ਗੁੰਦਾਈ, ਜੇਹਲਮ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ *ਗੁਰਦੁਆਰਾ ਪਹਿਲੀ ਪਾਤਸ਼ਾਹੀ, ਬਾਲ ਗੁੰਦਾਈ, ਜੇਹਲਮ* ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ


Best Insurance Rates
Auto • Home • Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic.12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

A1 RENOVATIONS
Commercial & Residential Renovations
**Professional ,Reliable & Experienced**
Services: • Painting • Drywalls • Plumbing • Electrical • Flooring
• Complete Basement Renovation • Kitchen & Washrooms • Concrete Services (Driveways & Sidewalks)
Note: Complete basement (passed by city) Certified GasTechnician
*5-10 % DISCOUNT
Call Bobby Mann today !! 647-407-9595 a1floor_2000@hotmail.com
*Some condition apply

You can Place Your Business Here To Reach Wider Audience (905)793-2202

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

RESIDENTIAL MORTGAGE
ਹਰ ਤਰ੍ਹਾਂ ਦੀਆਂ ਮੋਰਟਗੇਜ ਦੀਆਂ ਸੇਵਾਵਾਂ ਜਿਵੇਂ :
Purchase
Refinance
Renewal
Get Pre Approved
Call today !! 647-964-0060
gurvinder.mangat@nbc.ca
NATIONAL BANK 10520 Torbram Rd, Brampton, ON L6R 3N9
GURVINDER MANGAT Mortgage Development Manager

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NEW
NATION-WIDE. NO ZONES.
TALK, TEXT & DATA PLANS
$35/MO.
Data everywhere.
No surprise charges
anywhere.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਬੀਸੀ ਵਿੱਚ ਕੋਰੋਨਾਵਾਇਰਸ ਦੇ 13 ਮਾਮਲਿਆਂ ਦੀ ਪੁਸ਼ਟੀ

ਵਿਕਟੋਰੀਆ, 5 ਮਾਰਚ (ਪੋਸਟ ਬਿਊਰੋ) : ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਅਧਿਕਾਰੀਆਂ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਬੁੱਧਵਾਰ ਨੂੰ ਪ੍ਰੋਵਿੰਸ ਵਿੱਚ ਕੋਰੋਨਾਵਾਇਰਸ ਦੇ 13 ਮਾਮਲਿਆਂ ਦੀ ਪੁਸ਼ਟੀ ਹੋ ਚੁੱਕੀ ਹੈ।



ਵੈਨਕੂਵਰ ਦੀ ਇੱਕ 80 ਸਾਲਾ ਮਹਿਲਾਂ ਪਿੱਛੇ ਜਿਹੇ ਹੀ ਹਾਂਗ ਕਾਂਗ ਤੇ ਭਾਰਤ ਦਾ ਸਫਰ ਕਰਕੇ ਪਰਤੀ ਹੈ ਤੇ ਉਸ ਦੇ ਕੋਰੋਨਾਵਾਇਰਸ ਸਬੰਧੀ ਟੈਸਟ ਪਾਜ਼ੀਟਿਵ ਆਏ ਦੱਸੇ ਜਾਂਦੇ ਹਨ। ਬੀਸੀ ਦੇ ਸਿਹਤ ਮੰਤਰੀ ਐਡਰੀਅਨ ਡਿਕਸ ਨੇ ਆਖਿਆ ਕਿ ਇਹ ਮਹਿਲਾ ਵੈਨਕੂਵਰ ਦੇ ਜਨਰਲ ਹਸਪਤਾਲ ਵਿੱਚ ਦਾਖਲ ਹੈ ਤੇ ਇਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

ਪ੍ਰੋਵਿੰਸ਼ੀਅਲ ਹੈਲਥ ਅਧਿਕਾਰੀ ਡਾ.ਬੌਨੀ ਹੈਨਰੀ ਨੇ ਆਖਿਆ ਕਿ ਇਹ ਮਹਿਲਾ ਭਾਰਤ ਵਿੱਚ ਇੱਕ ਟੂਰ ਗਰੁੱਪ ਦਾ ਹਿੱਸਾ ਸੀ ਤੇ ਅਧਿਕਾਰੀ ਹੁਣ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਸ ਟਰਿੱਪ ਉੱਤੇ ਹੋਰ ਕੌਣ ਕੌਣ ਗਿਆ ਸੀ ਤੇ ਕੀ ਕੋਈ ਹੋਰ ਵੀ ਕੋਰੋਨਾਵਾਇਰਸ ਦੀ ਚਪੇਟ ਵਿੱਚ ਆਇਆ ਹੈ। ਹੈਨਰੀ ਨੇ ਆਖਿਆ ਕਿ ਹੋਰ ਕੈਨੇਡੀਅਨ ਵੀ ਇਸ ਟਰਿੱਪ ਉੱਤੇ ਗਏ ਸਨ ਤੇ ਉਹ ਬੀਸੀ ਦੇ ਬਾਹਰੀ ਇਲਾਕਿਆਂ ਵਿੱਚ ਆਪੋ ਆਪਣੇ ਘਰਾਂ ਨੂੰ ਪਰਤ ਗਏ ਹਨ। ਸਿਹਤ ਅਧਿਕਾਰੀ ਇਨ੍ਹਾਂ ਸਾਰਿਆਂ ਨਾਲ ਸੰਪਰਕ ਕਰਕੇ ਇਨ੍ਹਾਂ ਦੀ ਜਾਂਚ ਕਰਨਗੇ।

ਹੈਨਰੀ ਨੇ ਆਖਿਆ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਖਤਰਾ ਅਜੇ ਬਹੁਤ ਘੱਟ ਹੈ। ਪਰ ਉਨ੍ਹਾਂ ਇਹ ਵੀ ਆਖਿਆ ਕਿ ਦਿਨ ਪ੍ਰਤੀਦਿਨ ਹਾਲਾਤ ਬਦਲ ਰਹੇ ਹਨ। ਬੀਸੀ ਵਿੱਚ ਮਿਲੇ ਇਸ ਤਾਜ਼ਾ ਮਾਮਲੇ ਤੋਂ ਬਾਅਦ ਕੈਨੇਡਾ ਵਿੱਚ ਕੋਵਿਡ-19 ਦੇ 34 ਮਾਮਲੇ ਹੋ ਚੁੱਕੇ ਹਨ। ਡਿਕਸ ਨੇ ਆਖਿਆ ਕਿ ਪ੍ਰੋਵਿੰਸ ਤੇਜ਼ੀ ਨਾਲ ਟੈਸਟਿੰਗ ਕਰ ਰਹੀ ਹੈ। ਪ੍ਰੋਵਿੰਸ਼ੀਅਲ ਅਧਿਕਾਰੀਆਂ ਵੱਲੋਂ ਮੰਗਲਵਾਰ ਨੂੰ ਦੱਸਿਆ ਗਿਆ ਸੀ ਕਿ ਕੋਵਿਡ-19 ਦੇ ਚਾਰ ਨਵੇਂ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚੋਂ ਤਿੰਨ ਵਿਅਕਤੀ ਪਿੱਛੇ ਜਿਹੇ ਇਰਾਨ ਤੋਂ ਪਰਤੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

Separate Entrance Basement
DOON SOUTH - KITCHENER "4 BEDROOM HOME" SEPARATE ENTRANCE TO BASEMENT
ਡੂਨ ਸਾਊਥ ਕਿਚਨਰ ਦੇ ਮਸ਼ਹੂਰ ਏਰੀਏ ਵਿੱਚ ਬਣਿਆ ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਘਰ। ਕਸਟਮ ਡਿਜਾਈਨ ਕੀਤੀ ਗਈ ਕਿਚਨ ਅਤੇ ਅਪਗ੍ਰੇਡੇਡ ਸਟੇਨਲੈਸ ਸਟੀਲ ਅਪਲਾਈਨਸੈਸ, ਪੈਂਟਰੀ ਅਤੇ ਬਹੁਤ ਵੱਡੀ ਇਟੀਂਗ ਆਈਲੈਂਡ। ਡਾਇਨਿੰਗ ਰੂਮ ਵਿੱਚ ਵੱਡਾ ਪਰਿਵਾਰ ਬੈਠ ਕੇ ਆਰਾਮ ਨਾਲ ਖਾਣਾ ਖਾ ਸਕਦੇ ਹਨ। ਮੈਨ ਫਲੋਰ ਵਿੱਚ 9 ਫੁੱਟ ਦੀ ਸਿਲਿੰਗ ਹੈ ਅਤੇ ਵੱਡੀਆਂ ਵਿੰਡੋਜ਼ ਹਨ। ਬਹੁਤ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ। ਫਿਨੀਸ਼ਡ ਬੇਸਮੈਂਟ ਲਈ ਸੇਪਰੈਟ ਏਨਟਰੈਂਸ ਹੈ। ਡਬਲ ਅਟੈਚਡ ਗਰਾਜ ਹੈ ਅਤੇ ਫੈਂਸ ਯਾਰਡ ਹੈ।
ASKING $839,000. MLS # 30784447
Call Joseph today 519-575-2777

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
ਬਹੁਤ ਹੀ ਸੋਹਣਾ 4500 ਸੁਕੇਅਰ ਫੁੱਟ ਵਿੱਚ ਬਣਿਆ 4+1 ਬੈਡਰੂਮ, ਇਨ ਲਾਅ ਸੂਟ ਬੇਸਮੈਂਟ। ਲਕਜ਼ਰੀ ਫਿਨੀਸ਼ਿੰਗ। ਘਰ ਵਿੱਚ ਦਾਖਲ ਹੁੰਦਿਆਂ ਹੀ ਡਬਲ ਫੋਯਰ ਤੁਹਾਨੂੰ ਹੈਰਾਨ ਕਰ ਦੇਣਗੇ। ਕਸਟਮ ਬਿਲਟ ਕਿਚਨ ਅਤੇ ਅਪਗ੍ਰੇਡੇਡ ਅਪਲਾਈਨਸੈਸ ਅਤੇ ਵੱਡੀ ਆਈਲੈਂਡ ਅਤੇ ਗਰੇਨਾਈਟ ਕਾਊਂਟਰ। ਮਾਸਟਰ ਬੈਡਰੂਮ 4 ਪੀਸ ਈਨਸੂਟ ਅਤੇ ਬਹੁਤ ਵੱਡੀਆਂ ਵਾਕ ਇਨ ਕਲਾਜਟ। ਵਾਕ ਆਊਟ ਬੇਸਮੈਂਟ ਜਿਸ ਦੀ ਸੇਪਰੈਟ ਏਨਟਰੈਂਸ ਹੈ। ਰਿਕ੍ਰੇਸ਼ਨ ਰੂਮ ਵਿੱਚ ਕਸਟਮ ਕੈਬਨੇਟ ਅਤੇ ਬੋਸ ਸਾਊਂਡ ਦੇ ਨਾਲ ਗੇਸ ਫਾਇਰ ਪਲੇਸ। ਬੇਸਮੈਂਟ ਦੇ ਨਾਲ ਪੂਲ ਅਤੇ ਹੋਟ ਟੱਬ ਵੀ ਹੈ। ਬਹੁਤ ਵੱਡੀ ਡਬਲ ਗਰਾਜ ਅਤੇ ਸਟੈਂਪਡ ਕੰਕ੍ਰੀਟ ਡਰਾਈਵੇਅ। ASKING $985,000.
MLS # 30790796
Call Joseph today 519-575-2777

IN - LAW SUITE 2018
Gated Executive Community Large Custom Built Bungalow
"EXECUTIVE LARGE FAMILY HOME IN-LAW SUITE"
MLS# 30781327
ਬਹੁਤ ਹੀ ਸੋਹਣਾ 6000 ਫੁੱਲੀ ਫਰਨੀਸ਼ਡ ਸੁਕੇਅਰ ਫੁੱਟ ਬੰਗਲਓ ਜਿਸ ਦੀ ਫੁੱਲੀ ਫਰਨੀਸ਼ਡ ਬੇਸਮੈਂਟ ਹੈ। ਵੱਡੇ ਪਰਿਵਾਰ ਲਈ ਬਹੁਤ ਹੀ ਵਧੀਆ ਘਰ। ਮੈਨ ਫਲੋਰ ਵਿੱਚ 3 ਵੱਡੇ ਬੈਡਰੂਮ ਹਨ। ਬਹੁਤ ਹੀ ਖੁੱਲੇ ਫੈਮਲੀ ਰੂਮ ਵਿੱਚ ਕਫਰਡ ਸਿਲਿੰਗ +ਗੇਸ ਫਾਇਰ ਪਲੇਸ। ਕਸਟਮ ਡਿਜਾਇਨ ਕੀਤੀ ਗਈ ਕਿਚਨ ਜਿਸ ਵਿੱਚ ਡਬਲ ਆਈਲੈਂਡ ਅਤੇ ਇਟੀਗ ਬਾਰ ਅਤੇ ਕਮਰਸ਼ੀਅਲ ਗਰੇਡ ਅਪਲਾਈਨਸੈਸ ਹਨ। ਡਾਇਨਿੰਗ ਕਮਰੇ ਵਿੱਚ ਲਗਭਗ 14 ਬੰਦੇ ਬੈਠ ਕੇ ਖਾਣਾ ਖਾ ਸਕਦੇ ਹਨ। ਫਿਨੀਸ਼ਡ ਟ੍ਰਿਪਲ ਗਰਾਜ। ਫੁੱਲੀ ਲੈਂਡਸਕੇਪਡ ਵੱਧੀਆ ਕਮਿਊਨਿਟੀ ਵਿੱਚ।
ASKING $1,550,000
Call Joseph today 519-575-2777

" BUILDERS / DEVELOPERS" "23 LOT APPROVED SUBDIVISION" " 66 foot lots "
Incredible opportunity that will not last! This 23 lot approved sub division means you do not have to wait to build. All engineering is complete. Ready to go !
Asking $ 1,990,000
Call Joseph today 519-575-2777

End Unit Townhome
4 BEDROOM + 2 BATHROOM END UNIT TOWN HOME WITH FINISHED BASEMENT
ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4 ਬੈਡਰੂਮ ਅਤੇ 2 ਵਾਸ਼ਰੂਮ ਦਾ ਐਂਡ ਯੂਨੀਟ ਟਾਊਨ ਹੋਮ ਅਤੇ ਫਿਨੀਸ਼ਡ ਬੇਸਮੈਂਟ। ਸਟੋਰੇਜ ਲਈ ਖੁੱਲੀ ਥਾਂ, ਫੈਂਸ ਬੈਕਯਾਰਡ ਅਤੇ 2 ਅੰਡਰ ਗਰਾਊਂਡ ਪਾਰਕਿੰਗ ਸਪਾਟ। ਕਿਚਨ ਵਿੱਚ ਗਰੇਨਾਈਟ ਕਾਊਨਟਰ ਟਾਪ ਅਤੇ ਓਪਨ ਕੰਸੇਪਟ। ਕਾਂਡੋ ਫਸਿ ਵਿੱਚ ਪਾਣੀ, ਕੇਬਲ ਅਤੇ ਸਾਰੀਆ ਅੰਦਰੀ ਬਿਲਡਿੰਗ ਦੀ ਸਾਂਭ ਸੰਭਾਲ ਦਾ ਖਰਚਾ ਸ਼ਾਮਲ ਹੈ। ਤੁਸੀ ਕਦੀ ਵੀ ਆ ਕੇ ਦੇਖ ਸਕਦੇ ਹੋ।
ASKING $549,0000
Call Joseph today 519-575-2777
MLS #30790510

BRAND NEW HOME
3 BEDROOM + 3 WASHROOM BRAND NEW 2 STORY HOME
ਬਰੈਂਡ ਨੀਊ 2 ਸਟੋਰੀ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ ਅਤੇ ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਰੋਸ਼ਨਦਾਰ ਅਤੇ ਖੁੱਲਾ ਫਲੋਰ ਪਲਾਨ। ਬਹੁਤ ਹੀ ਵੱਡੀ ਕਿਚਨ ਹੈ ਜਿਸ ਵਿੱਚ ਅਪਗ੍ਰੇਡਡ ਕੈਬਨੇਟ ਅਤੇ ਬਹੁਤ ਵੱਡਾ ਆਈਲੈਂਡ ਅਤੇ ਸੈਂਟਰ ਸਿੰਕ ਹੈ। ਮੈਨ ਫਲੋਰ ਵਿੱਚ ਟਾਈਲਾਂ ਅਤੇ ਅਪਗ੍ਰੇਡੇਡ ਲੈਮੀਨੇਟ ਫਲੋਰਿੰਗ ਹੈ। ਬਹੁਤ ਹੀ ਸੋਹਣੀ ਹਾਰਡਵੂਡ ਦੀ ਪੌੜੀਆਂ ਅਤੇ ਰੇਲਿੰਗ ਦੂਜੇ ਫਲੋਰ ਨੂੰ ਜਾਂਦੀ ਹੈ। ਦੂਜੇ ਫਲੋਰ ਵਿੱਚ 2 ਵੱਡੇ ਬੈਡਰੂਮ, ਲਾਂਡਰੀ ਰੂਮ ਅਤੇ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਡ ਵਾਕ ਇਨ ਕਲਾਜਟ ਅਤਟ ਇਨਸੂਟ ਵਾਸ਼ਰੂਮ ਹੈ।
MLS #30790214
ASKING $609,000
Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

# ਆਮ ਆਦਮੀ ਪਾਰਟੀ: ਪੰਜਾਬ ਦੇ ਨਵੇਂ ਇੰਚਾਰਜ ਜਰਨੈਲ ਸਿੰਘ ਵੱਲੋਂ ਰਾਜਨੀਤੀ ਬਦਲਣ ਦਾ ਦਾਅਵਾ

## * ਦਿੱਲੀ ਤੋਂ ਸ਼ੁਰੂ ਹੋਈ ਨਵੀਂ ਰਾਜਨੀਤੀ 2022 ਵਿੱਚ ਰੰਗ ਦਿਖਾਵੇਗੀ



ਅੰਮ੍ਰਿਤਸਰ, 5 ਮਾਰਚ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਨਵੇਂ ਨਿਯੁਕਤ ਇੰਚਾਰਜ ਅਤੇ ਦਿੱਲੀ ਦੇ ਸੀਨੀਅਰ ਵਿਧਾਇਕ ਜਰਨੈਲ ਸਿੰਘ ਦਾ ਕਹਿਣਾ ਹੈ ਕਿ ਦਿੱਲੀ ਤੋਂ ਦੇਸ਼ ਵਿੱਚ ਇਕ ਨਵੀਂ ਕਿਸਮ ਦੀ ਰਾਜਨੀਤੀ ਸ਼ੁਰੂ ਹੋਈ ਹੈ, ਜਿਹੜੀ ਸਾਲ 2022 ਵਿਚ ਪੰਜਾਬ ਦੀ ਦਿਸ਼ਾ ਬਦਲੇਗੀ।

ਦਿੱਲੀ ਦੇ ਤਿਲਕ ਨਗਰ ਹਲਕੇ ਤੋਂ ਦੋਹਰੀ ਵਾਰ ਚੁਣੇ ਗਏ ਵਿਧਾਇਕ ਜਰਨੈਲ ਸਿੰਘ ਨੇ ਅੱਜ ਏਥੇ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਪੰਜਾਬ ਦੀ ਰਾਜਨੀਤੀ ਬਾਰੇ ਆਪਣੀ ਸੋਚ ਦਾ ਖੁਲਾਸਾ ਕੀਤਾ। ਉਹ ਇਸ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਅਤੇ ਪਾਰਟੀ ਦੇ ਹੋਰ ਨੇਤਾਵਾਂ ਨਾਲ ਅੰਮ੍ਰਿਤਸਰ ਪੁੱਜੇ ਅਤੇ ਸ੍ਰੀ ਹਰਿਮੰਦਰ ਸਾਹਿਬ ਤੇ ਭਗਵਾਨ ਵਾਲਮੀਕਿ ਤੀਰਥ ਵਿਖੇ ਨਤਮਸਤਕ ਹੋਏ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਕੋਰ ਕਮੇਟੀ ਦੇ ਚੇਅਰਮੈਨ ਅਤੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਵੀ ਸਨ। ਜਰਨੈਲ ਸਿੰਘ ਨੇ ਕਿਹਾ ਕਿ ਦਿੱਲੀ ਤੋਂ ਦੇਸ਼ ਵਿੱਚ ਨਵੀਂ ਕਿਸਮ ਦੀ ਰਾਜਨੀਤੀ ਸ਼ੁਰੂ ਹੋਈ ਹੈ, ਜਿਹੜੀ ਕੰਮ ਉੱਤੇ ਆਧਾਰਿਤ ਹੈ। ਦਿੱਲੀ ਦੀਆਂ ਚੋਣਾਂ ਵਿੱਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੇ ਆਪਣੇ ਪੰਜ ਸਾਲਾਂ ਵਿੱਚ ਕੀਤੇ ਕੰਮ ਦੱਸ ਕੇ ਵੋਟਾਂ ਮੰਗੀਆਂ ਸਨ। ਪਹਿਲੀ ਵਾਰ ਕਿਸੇ ਪਾਰਟੀ ਨੇ ਅਜਿਹੀ ਹਿੰਮਤ ਕੀਤੀ ਤੇ ਦਿੱਲੀ ਦੇ ਲੋਕਾਂ ਨੇ ਕੰਮ ਦੀ ਸਿਆਸਤ ਨੂੰ ਪ੍ਰਵਾਨ ਕੇ ਦੇਸ਼ ਦੀ ਸਿਆਸਤ ਨੂੰ ਨਵੀਂ ਦਿਸ਼ਾ ਦਿੱਤੀ ਹੈ, ਜਿਹੜੀ 2022 ਵਿੱਚ ਪੰਜਾਬ ਦੀ ਦਸ਼ਾ ਵੀ ਬਦਲੇਗੀ।

ਪ੍ਰੈੱਸ ਕਾਨਫਰੰਸ ਦੌਰਾਨ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਦਿੱਲੀ ਵਿੱਚ ਹੋਈ ਤਾਜ਼ਾ ਹਿੰਸਾ ਨੂੰ ਇਨਸਾਨੀਅਤ ਦਾ ਕਤਲ ਕਰਾਰ ਦਿੰਦੇ ਹੋਏ ਕਿਹਾ ਕਿ ਭਾਜਪਾ ਅਤੇ ਆਰ ਐੱਸ ਐੱਸ ਦੇ ਆਗੂਆਂ ਨੇ ਦਿੱਲੀ ਦੀਆਂ ਚੋਣਾਂ ਵਿੱਚ ਨਫ਼ਰਤ ਭਰੇ ਭਾਸ਼ਣ ਦੇ ਕੇ ਪਹਿਲਾਂ ਹਿੰਸਾ ਦੇ ਹਾਲਾਤ ਬਣਾਏ ਤੇ ਫਿਰ ਦਿੱਲੀ ਚੋਣਾਂ ਦੀ ਹਾਰ ਤੋਂ ਬੌਖਲਾ ਕੇ ਦੰਗੇ ਭੜਕਾਏ ਹਨ। ਬਾਦਲ ਅਕਾਲੀ ਦਲ ਅਤੇ ਭਾਜਪਾ ਦੀ ਸੀਟਾਂ ਦੀ ਖਿੱਚੋਤਾਣ ਬਾਰੇ ਭਗਵੰਤ ਮਾਨ ਨੇ ਕਿਹਾ ਕਿ ਅਕਾਲੀ ਦਲ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਨਹੀਂ ਰਹੀ, ਇਹ ਪਾਰਟੀ ਜਿਹੜੇ ਅਸੂਲਾਂ ਅਤੇ ਸਿਧਾਂਤਾਂ ਦੇ ਆਧਾਰ ਉੱਤੇ 1920 ਵਿੱਚ ਬਣੀ ਸੀ, ਉਨ੍ਹਾਂ ਤੋਂ ਭਟਕ ਕੇ ਸਿਰਫ ਇਕ ਪਰਿਵਾਰ ਦੀ ਪਾਰਟੀ ਬਣ ਜਾਣ ਕਾਰਨ ਸਾਲ 2019 ਵਿੱਚ ਖ਼ਤਮ ਹੋ ਚੁੱਕੀ ਹੈ। ਇਸ ਮੌਕੇ ਭਗਵੰਤ ਮਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਕਿਸਤਾਨੀ ਮਿੱਤਰ ਅਰੂਸਾ ਆਲਮ ਬਾਰੇ ਕਿਹਾ ਕਿ ਭਾਵੇਂ ਇਹ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦਾ ਮਾਮਲਾ ਹੈ, ਪਰ ਉਹ ਮੁੱਖ ਮੰਤਰੀ ਦੇ ਸਰਕਾਰੀ ਨਿਵਾਸ ਉੱਤੇ ਕਿਸ ਵੀਜ਼ੇ ਨਾਲ ਰਹਿੰਦੀ ਹੈ, ਇਸ ਬਾਰੇ ਉਹ ਪਾਰਲੀਮੈਂਟ ਵਿੱਚ ਪੁੱਛਣਗੇ, ਕਿਉਂਕਿ ਇਹ ਭਾਰਤ ਦੀ ਸੁਰੱਖਿਆ ਨਾਲ ਜੁੜਿਆ ਮੁੱਦਾ ਹੈ।

ਪੰਜਾਬ ਵਿਧਾਨ ਸਭਾ ਵਿੱਚ ਆਪੋਜ਼ੀਸ਼ਨ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਇਕ-ਦੂਜੇ ਉੱਤੇ ਗੈਂਗਸਟਰਾਂ ਨੂੰ ਪਾਲਣ ਦੇ ਦੋਸ਼ ਲਾ ਰਹੇ ਹਨ, ਸੱਚਾਈ ਇਹ ਹੈ ਕਿ ਦੋਵੇਂ ਇਕੋ ਤਰ੍ਹਾਂ ਦੇ ਹਨ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਮਿਲ ਕੇ ਪੰਜਾਬ ਵਿੱਚ ਕਈ ਕਿਸਮ ਦੇ ਮਾਫ਼ੀਆ ਚਲਾ ਰਹੇ ਹਨ ਤੇ ਇਹ ਗੱਲ ਵਾਰ-ਵਾਰ ਸਾਬਤ ਹੋ ਰਹੀ ਹੈ।

## ਅੱਜ ਨਾਮਾ

ਚਾਵਾਂ ਵਾਲਾ ਸਮਝੌਤਾ ਸੀ ਗਿਆ ਕੀਤਾ,
ਖਿੜਿਆ ਪਿਆ ਸੀ ਬੜਾ ਟਰੰਪ ਮੀਆਂ।
ਕਰਿਆ ਜਦੋਂ ਐਲਾਨ ਗਿਆ ਏਸ ਬਾਰੇ,
ਕਈਆਂ ਮਾਰਿਆ ਖੁਸ਼ੀ ਦਾ ਜੰਪ ਮੀਆਂ।
ਗੁਜ਼ਰੇ ਚਾਰ ਦਿਹਾੜੇ ਵੀ ਸੌਖ ਦੇ ਨਹੀਂ,
ਮੂਹਰੇ ਆ ਗਿਆ ਗੱਡੀ ਦੇ ਬੰਪ ਮੀਆਂ।
ਔਖਾ ਬੜਾ ਸਮਝੌਤਾ ਈ ਹਜ਼ਮ ਕਰਨਾ,
ਕਰਨਾ ਸੌਖਾ ਨਹੀਂ ਇਸ ਨੂੰ ਡੰਪ ਮੀਆਂ।
ਚਰਚਾ ਥਾਂ-ਥਾਂ ਸਮਝੌਤੇ ਲਈ ਹੋਈ ਜਾਵੇ,
ਨਾਲੇ ਫਾਇਰਿੰਗ ਵੀ ਰਹੀ ਹੈ ਚੱਲ ਮੀਆਂ।
ਬੁਝਦੀ ਅੱਗ ਨਾ ਆਪ ਸੀ ਲਾਈ ਜਿਹੜੀ,
ਧੰਨ ਉਹ ਮੁਲਕ ਜੋ ਰਿਹਾ ਹੈ ਝੱਲ ਮੀਆਂ।

**ਤੀਸ ਮਾਰ ਖਾਂ**

## ਨਿਰਭੈਆ ਕੇਸ: ਕਾਤਲਾਂ ਨੂੰ 20 ਮਾਰਚ ਸਵੇਰੇ ਫ਼ਾਂਸੀ ਦੇ ਦਿੱਤੀ ਜਾਵੇਗੀ

### * ਵਕੀਲ ਨੇ ਕਿਹਾ: ਅਜੇ ਵੀ ਬਦਲ ਬਾਕੀ ਨੇ



ਨਵੀਂ ਦਿੱਲੀ, 5 ਮਾਰਚ, (ਪੋਸਟ ਬਿਊਰੋ)- ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ ਅੱਜ ਵੀਰਵਾਰ ਨੂੰ ਨਿਰਭੈਆ ਕੇਸ ਦੀ ਸੁਣਵਾਈ ਦੌਰਾਨ ਚੌਥੀ ਵਾਰ ਦੋਸ਼ੀਆਂ ਦਾ ਡੈੱਥ ਵਾਰੰਟ ਜਾਰੀ ਕੀਤਾ ਹੈ, ਜਿਸ ਅਨੁਸਾਰ 20 ਮਾਰਚ ਸਵੇਰੇ 5:30 ਵਜੇ ਚਾਰੇ ਦੋਸ਼ੀਆਂ (ਵਿਨੈ ਕੁਮਾਰ ਸ਼ਰਮਾ, ਪਵਨ ਕੁਮਾਰ ਗੁਪਤਾ, ਮੁਕੇਸ਼ ਸਿੰਘ ਅਤੇ ਅਕਸ਼ੇ) ਨੂੰ ਫਾਂਸੀ ਦਿੱਤੀ ਜਾਵੇਗੀ। ਡੈੱਥ ਵਾਰੰਟ ਜਾਰੀ ਹੋਣ ਪਿੱਛੋਂ ਇਸ ਬਾਰੇ ਦੋਸ਼ੀਆਂ ਦੇ ਵਕੀਲ ਏ ਪੀ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਕੋਲ ਅਜੇ ਵੀ ਕਈ ਕਾਨੂੰਨੀ ਬਦਲ ਬਚੇ ਹੋਏ ਹਨ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ 17 ਫਰਵਰੀ ਨੂੰ ਜਦੋਂ ਨਿਰਭੈਆ ਕੇਸ ਦੇ ਚਾਰੇ ਦੋਸ਼ੀਆਂ ਲਈ ਡੈੱਥ ਵਾਰੰਟ ਜਾਰੀ ਹੋਏ ਸਨ, ਉਦੋਂ ਏ ਪੀ ਸਿੰਘ ਨੇ ਕਿਹਾ ਸੀ ਕਿ 'ਲਿਖ ਲਓ 3 ਮਾਰਚ ਨੂੰ ਫਾਂਸੀ ਨਹੀਂ ਹੋਵੇਗੀ ਤੇ ਫਿਰ ਇਸ ਤਰ੍ਹਾਂ ਹੀ ਹੋਇਆ ਸੀ ਤੇ 2 ਮਾਰਚ ਨੂੰ ਸੁਣਵਾਈ ਦੌਰਾਨ ਫਾਂਸੀ ਟਲ਼ ਗਈ ਸੀ। ਅੱਜ ਵੀਰਵਾਰ ਚੌਥੀ ਵਾਰ ਪਟਿਆਲਾ ਹਾਊਸ ਕੋਰਟ ਨੇ ਡੈੱਥ ਵਾਰੰਟ ਜਾਰੀ ਕੀਤਾ ਹੈ।' ਇਸ ਬਾਰੇ ਪ੍ਰਤੀਕਿਰਿਆ ਦੇਂਦੇ ਹੋਏ ਏ ਪੀ ਸਿੰਘ ਨੇ ਨਾਰਾਜ਼ਗੀ ਨਾਲ ਪੁੱਛਿਆ ਕਿ ਦੋਸ਼ੀਆਂ ਨੂੰ ਵਾਰ-ਵਾਰ ਫਾਂਸੀ ਸੁਣਾਈ ਜਾ ਰਹੀ ਹੈ ਅਤੇ ਇਹ ਜੁਡੀਸ਼ਲ ਕਤਲ ਵਾਂਗ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਅਜੇ ਵੀ ਕਈ ਕਾਨੂੰਨੀ ਬਦਲ ਹਨ ਅਤੇ ਸਮਾਂ ਆਏ ਤੋਂ ਉਨ੍ਹਾਂ ਦੀ ਵਰਤੋਂ ਕਰਨਗੇ। ਕੋਰਟ ਦੇ ਬਾਹਰ ਮੀਡੀਆ ਦੇ ਸਵਾਲ ਉੱਤੇ ਕਿਹਾ ਕਿ ਚੌਥਾ ਵਾਰੰਟ ਜਾਰੀ ਹੋਇਆ ਹੈ, ਇਸ ਤੋਂ ਪਹਿਲਾਂ ਤਿੰਨ ਵਾਰ ਫਾਂਸੀ ਦੇ ਚੁੱਕੇ ਹੋ, ਹੋਰ ਕਿੰਨੀ ਵਾਰ ਫਾਂਸੀ ਦਿਓਗੇ। ਇਹ ਲੋਕ ਜੇਲ੍ਹ ਵਿੱਚ ਸੁਧਰ ਰਹੇ ਹਨ ਅਤੇ ਆਪਣੇ ਵਿੱਚ ਬਦਲਾਅ ਲਿਆ ਰਹੇ ਹਨ।

ਸੀਨੀਅਰ ਵਕੀਲ ਏ ਪੀ ਸਿੰਘ ਨੇ ਲਖਨਊ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਲੈਣ ਪਿੱਛੋਂ ਪੀ ਐੱਚ ਡੀ ਕੀਤੀ ਹੋਈ ਹੈ। ਉਹ ਸ਼ੁਰੂ ਤੋਂ ਨਿਰਭੈਆ ਕੇਸ ਦੇ ਦੋਸ਼ੀਆਂ ਦੀ ਪੈਰਵੀ ਕਰ ਰਹੇ ਹਨ। ਉਨ੍ਹਾਂ ਇਕ ਇੰਟਰਵਿਊ ਵਿੱਚ ਕਿਹਾ ਸੀ ਕਿ ਆਪਣੀ ਮਾਂ ਦੇ ਕਹਿਣ ਉੱਤੇ ਉਨ੍ਹਾਂ ਨੇ ਇਸ ਕੇਸ ਨੂੰ ਲੜਨ ਦਾ ਫ਼ੈਸਲਾ ਲਿਆ ਸੀ।

# ਦਿੱਲੀ ਦੇ ਸਕੂਲ ਦਾ ਮਾਮਲਾ: ਜਥੇਦਾਰ ਅਕਾਲ ਤਖਤ ਨੇ ਚਾਰ ਮਹੀਨੇ ਵਿੱਚ ਜਾਂਚ ਕਰਾਉਣ ਲਈ ਕਿਹਾ

ਅੰਮ੍ਰਿਤਸਰ, 5 ਮਾਰਚ, (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਕਹਿ ਦਿੱਤਾ ਹੈ ਕਿ ਦਿੱਲੀ ਦੇ ਗੁਰਦੁਆਰਾ ਕਮੇਟੀ ਦੇ ਹਰੀਨਗਰ ਸਕੂਲ ਬਾਰੇ ਚਾਰ ਮਹੀਨੇ ਵਿੱਚ ਜਾਂਚ ਕਰਵਾਈ ਜਾਵੇਗੀ।







ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਹਰੀ ਨਗਰ ਦਾ ਕੇਸ ਵਿਚਾਰਨ ਵੇਲੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਤਿੰਨ ਸਾਬਕਾ ਪ੍ਰਧਾਨਾਂ ਪਰਮਜੀਤ ਸਿੰਘ ਸਰਨਾ, ਹਰਵਿੰਦਰ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ ਕੇ ਨੇ ਅੱਜ ਕਾਫੀ ਖਰੀਆਂ ਸੁਣਾਈਆਂ। ਗੁਰਦੁਆਰਾ ਕਮੇਟੀ ਦੀ ਗੋਲਕ ਨੂੰ ਸੰਨ੍ਹ ਲਾਉਣ ਦੇ ਦੋਸ਼ਾਂ ਬਾਰੇ ਸ਼ਿਕਾਇਤਾ ਬਾਰੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਰੇ ਕੇਸ ਨੂੰ ਚਾਰ ਮਹੀਨਿਆਂ ਵਿਚ ਇੱਕ ਉੱਚ ਪੱਧਰੀ ਸਬ ਕਮੇਟੀ ਬਣਾ ਕੇ ਜਾਂਚ ਕਰਾਉਣ ਪਿੱਛੋਂ ਫ਼ੈਸਲਾ ਦਿੱਤਾ ਜਾਵੇਗਾ। ਗਿਆਨੀ ਹਰਪ੍ਰੀਤ ਸਿੰਘ ਨੇ ਸਾਰੇ ਆਗੂਆਂ ਨੂੰ ਕਿਹਾ ਕਿ ਇਨ੍ਹਾਂ ਮਾਮਲਿਆਂ ਬਾਰੇ ਮੀਟਿੰਗ ਵਿੱਚ ਜਾਂ ਜਨਤਕ ਰੂਪ ਵਿਚ ਕੋਈ ਮੈਂਬਰ ਗੱਲ ਨਾ ਕਰੇ। ਅੱਜ ਦੀ ਬੰਦ ਕਮਰਾ ਮੀਟਿੰਗ ਬਾਰੇ ਸੂਤਰਾਂ ਦਾ ਕਹਿਣਾ ਹੈ ਕਿ ਮਨਜੀਤ ਸਿੰਘ ਜੀ ਕੇ ਵੱਲੋਂ ਸਕੂਲ ਸੰਭਾਲਣ ਦੇ ਲਈ ਅਧਿਕਾਰ ਦੇਂਦੀ ਚਿੱਠੀ ਅਵਤਾਰ ਸਿੰਘ ਹਿੱਤ ਨੂੰ ਮਿਲਣ ਬਾਰੇ ਪਰਮਜੀਤ ਸਿੰਘ ਸਰਨਾ ਨੇ ਪੁੱਛਿਆ ਤਾਂ ਅਵਤਾਰ ਸਿੰਘ ਹਿੱਤ ਨੇ ਕਿਹਾ ਕਿ ਇਹ ਮਨਜਿੰਦਰ ਸਿੰਘ ਸਿਰਸਾ ਨੇ ਦਿੱਤੀ ਹੈ। ਜਥੇਦਾਰ ਨੂੰ ਪਰਮਜੀਤ ਸਿੰਘ ਸਰਨਾ ਨੇ ਮਨਜਿੰਦਰ ਸਿੰਘ ਸਿਰਸਾ ਦੇ ਦਾੜ੍ਹੀ ਰੰਗਣ, ਨਗਰ ਕੀਰਤਨ ਵਿਚ ਗੁਰੂ ਸਾਹਿਬ ਦੀ ਬੇਅਦਬੀ ਕਰਨ ਤੇ ਦਿੱਲੀ ਗੁਰਦੁਆਰਾ ਕਮੇਟੀ ਤੇ ਦਿੱਲੀ ਸਕੂਲ ਦੇ ਮੌਜੂਦਾ ਆਰਥਿਕ ਹਾਲਾਤ ਬਾਰੇ ਵੀ ਦੱਸਿਆ। ਉਨ੍ਹਾਂ ਨੇ ਕਿਹਾ ਕਿ ਦਿੱਲੀ ਕਮੇਟੀ ਤੇ ਦਿੱਲੀ ਸਕੂਲ ਦੇ ਸਟਾਫ ਨੂੰ ਪਿਛਲੇ ਚਾਰ ਮਹੀਨਿਆਂ ਤੋਂ ਤਨਖ਼ਾਹਾਂ ਨਹੀਂ ਮਿਲੀਆਂ ਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਜਮ੍ਹਾਂ ਪੂੰਜੀ ਖ਼ਤਮ ਹੋ ਚੁੱਕੀ ਹੈ ਤੇ ਕਮੇਟੀ ਦੀ ਹਾਲਤ ਏਨੀ ਖ਼ਸਤਾ ਹੈ ਕਿ ਇਸ ਦੇ ਦੀਵਾਲੀਆ ਹੋਣ ਦਾ ਡਰ ਹੈ।

ਮੀਟਿੰਗ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਉਨ੍ਹਾਂ ਨੇ ਜਥੇਦਾਰ ਅੱਗੇ ਸਾਰੀਆਂ ਗੱਲਾਂ ਰੱਖੀਆਂ ਤੇ ਜਥੇਦਾਰ ਨੇ ਗੰਭੀਰਤਾ ਨਾਲ ਸੁਣਿਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਨੇ ਚਾਰ ਮਹੀਨੇ ਦਾ ਸਮਾਂ ਮੰਗਿਆ ਹੈ ਕਿ ਉੱਚ ਪੱਧਰੀ ਕਮੇਟੀ ਬਣਾ ਕੇ ਇਸ ਕੇਸ ਦੀ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜਥੇਦਾਰ ਨੇ ਕਿਸੇ ਨੂੰ ਵੀ ਬਾਹਰ ਬੋਲਣ ਤੋਂ ਮਨ੍ਹਾ ਕੀਤਾ ਹੋਣ ਕਰ ਕੇ ਉਹ ਚੋਰ ਨੂੰ ਚੋਰ ਵੀ ਨਹੀਂ ਕਹਿ ਸਕਦੇ। ਉਨ੍ਹਾਂ ਕਿਹਾ ਕਿ ਅੱਗੋਂ ਜਥੇਦਾਰ ਸਾਹਿਬ ਚਾਰ ਮਹੀਨਿਆਂ ਵਿੱਚ ਪੂਰੀ ਜਾਂਚ ਕਰਵਾ ਕੇ ਆਪਣਾ ਕਿੱਦਾਂ ਦਾ ਫ਼ੈਸਲਾ ਦਿੰਦੇ ਹਨ, ਇਹ ਸੰਗਤਾਂ ਦੇ ਸਾਹਮਣੇ ਆ ਜਾਵੇਗਾ। ਦੂਸਰੇ ਪਾਸੇ ਦਿੱਲੀ ਗੁਰ-ਦੁਆਰਾ ਕਮੇਟੀ ਦੇ ਮੈਂਬਰ ਤੇ ਤਖਤ ਪਟਨਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਕਿਹਾ ਕਿ ਸਕੂਲ ਬਾਰੇ ਉਨ੍ਹਾਂ ਜੋ ਅਦਾਲਤ ਵਿਚ ਕੇਸ ਕੀਤਾ ਸੀ, ਉਸ ਬਾਰੇ ਉਨ੍ਹਾਂ ਨੇ ਅਦਾਲਤ ਨੂੰ ਲਿਖ ਕੇ ਦੇ ਦਿੱਤਾ ਹੈ ਕਿ ਇਸ ਦਾ ਪ੍ਰਬੰਧ ਦਿੱਲੀ ਕਮੇਟੀ ਚਲਾ ਰਹੀ ਹੈ ਅਤੇ ਉਹੀ ਚਲਾਏਗੀ। ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਜਥੇਦਾਰ ਅਕਾਲ ਤਖਤ ਨੇ ਰਿਕਾਰਡ ਦੇਣ ਨੂੰ ਕਿਹਾ ਸੀ, ਅਸੀਂ ਦੇ ਦਿੱਤਾ ਹੈ, ਉਹ ਨਿਤਾਰਾ ਕਰ ਕੇ ਦੇਣਗੇ।

## ਗੁਰਜੀਤ ਸਿੰਘ ਔਜਲਾ ਸਣੇ ਕਾਂਗਰਸ ਦੇ ਸੱਤ ਮੈਂਬਰ ਪਾਰਲੀਮੈਂਟ ਸਸਪੈਂਡ

ਨਵੀਂ ਦਿੱਲੀ, 5 ਮਾਰਚ, (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਦੇ ਚੁਣੇ ਹੋਏ ਹਾਊਸ ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ 7 ਮੈਂਬਰਾਂ ਨੂੰ ਅੱਜ ਦੁਰ-ਵਿਹਾਰ ਦੇ ਦੋਸ਼ਾਂ ਹੇਠ ਬਜਟ ਸੈਸ਼ਨ ਦੀ ਸਮਾਪਤੀ ਤਕ ਸਸਪੈਂਡ ਕਰ ਦਿੱਤਾ ਗਿਆ ਹੈ। ਇਨ੍ਹਾਂ ਸੱਤ ਮੈਂਬਰਾਂ ਵਿਚ ਗੌਰਵ ਗੋਗੋਈ, ਟੀ ਐਨ ਪ੍ਰਤਾਪਨ, ਡੀਨ ਕੁਰੀਆਕੋਜ਼ੇ, ਰਾਜਮੋਹਨ ਉਨੀਥਨ, ਮਨਿਕਾ ਟੈਗੋਰ, ਬੇਨੀ ਬੇਹਾਨਨ ਅਤੇ ਅੰਮ੍ਰਿਤਸਰ ਤੋਂ ਚੁਣੇ ਹੋਏ ਗੁਰਜੀਤ ਸਿੰਘ ਔਜਲਾ ਦੇ ਨਾਂ ਸ਼ਾਮਲ ਹਨ।

ਅਸਲ ਵਿੱਚ ਅੱਜ ਪਾਰਲੀਮੈਂਟ ਵਿੱਚ ਦਿੱਲੀ ਦੇ ਦੰਗਿਆਂ ਬਾਰੇ ਹੰਗਾਮਾ ਹੋ ਰਿਹਾ ਸੀ। ਕਾਰਵਾਈ ਸ਼ੁਰੂ ਹੁੰਦੇ ਸਾਰ ਲੋਕ ਸਭਾ ਵਿਚ ਵਿਰੋਧੀ ਧਿਰਾਂ ਦੇ ਮੈਂਬਰ ਹੰਗਾਮਾ ਕਰਦੇ ਵੈੱਲ ਵਿਚ ਆਉਣ ਲੱਗੇ ਤਾਂ ਸਪੀਕਰ ਓਮ ਬਿਰਲਾ ਨੇ ਕਿਹਾ ਕਿ ਕੋਈ ਵੀ ਮੈਂਬਰ ਵੈੱਲ ਵਿਚ ਨਾ ਆਵੇ। ਜਦੋਂ ਪਾਰਲੀਮੈਂਟ ਮੈਂਬਰਾਂ ਨੇ ਉਨ੍ਹਾਂ ਦੀ ਗੱਲ ਨਾ ਮੰਨੀ ਤਾਂ ਸਪੀਕਰ ਨੇ ਸਾਫ ਸ਼ਬਦਾਂ ਵਿਚ ਕਿਹਾ ਕਿ ਜੇ ਕੋਈ ਮੈਂਬਰ ਵੈੱਲ ਵਿਚ ਆਇਆ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਸਪੀਕਰ ਨੇ ਕਿਹਾ ਕਿ ਸਦਨ ਠੀਕ ਤਰ੍ਹਾਂ ਚਲਾਓ। ਇਸ ਤੋਂ ਬਾਅਦ ਸਪੀਕਰ ਨੇ ਸਦਨ ਦੀ ਕਾਰਵਾਈ 12 ਵਜੇ ਤਕ ਮੁਲਤਵੀ ਕਰ ਦਿੱਤੀ। ਦੋਬਾਰਾ ਹਾਊਸ ਜੁੜਿਆ ਤਾਂ ਹੰਗਾਮਾ ਫੇਰ ਵੀ ਨਾ ਰੁਕਿਆ ਅਤੇ ਕਾਰਵਾਈ 2 ਵਜੇ ਤਕ ਲਈ ਮੁਲਤਵੀ ਕਰਨੀ ਪਈ। ਇਸ ਪਿੱਛੋਂ ਕਾਂਗਰਸ ਮੈਂਬਰਾਂ ਨੂੰ ਸਸਪੈਂਸ਼ਨ ਨੋਟਿਸ ਦਿੱਤਾ ਗਿਆ ਅਤੇ ਨਾਲ ਕਮਿਊਨਿਸਟ ਪਾਰਟੀ ਦੇ ਨੇਤਾ ਕੇ ਕੇ ਰਾਗੇਸ਼ ਅਤੇ ਬਸਪਾ ਦੇ ਪਾਰਲੀਮੈਂਟ ਮੈਂਬਰ ਸਤੀਸ਼ ਚੰਦਰ ਮਿਸ਼ਰਾ ਨੂੰ ਵੀ ਸਸਪੈਂਡ ਕਰ ਦਿੱਤਾ ਗਿਆ।

## ਬੱਦਰੀ ਧਾਮ ਲਈ ਚੜ੍ਹਾਏ ਹੀਰੇ ਜੜੇ ਛਤਰ ਦੇ ਪੈਸੇ ਨਾ ਦੇਣ ਉੱਤੇ ਕੁਰਕੀ ਦਾ ਨੋਟਿਸ ਜਾਰੀ

ਲੁਧਿਆਣਾ, 5 ਮਾਰਚ (ਪੋਸਟ ਬਿਊਰੋ)- ਸ੍ਰੀ ਬਦਰੀਨਾਥ ਧਾਮ ਲਈ ਹੀਰੇ ਜੜੇ ਸੋਨੇ ਦਾ ਛਤਰ ਚੜ੍ਹਾਉਣ ਵਾਲੇ ਸੂਦ ਭਰਾਵਾਂ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਇਸ ਛਤਰ ਦੇ ਪੈਸੇ ਨਾ ਦੇਣ ਕਾਰਨ ਮਥੁਰਾ ਪੁਲਸ ਨੇ ਯੋਗੇਸ਼ਵਰ ਸੂਦ ਤੇ ਜਾਨੇਸ਼ਵਰ ਸੂਦ ਦੋਵਾਂ ਭਰਾਵਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਦੂਜੇ ਪਾਸੇ ਮਥੁਰਾ ਅਦਾਲਤ ਨੇ ਪੁਲਸ ਨੂੰ ਨੋਟਿਸ ਦਿੱਤਾ ਹੈ ਕਿ ਜੇ ਸੂਦ ਭਰਾ ਛਤਰ ਦੇ ਪੈਸੇ ਨਹੀਂ ਦੇਂਦੇ ਤਾਂ ਉਨ੍ਹਾਂ ਦੀ ਸੰਪਤੀ ਕੁਰਕ ਕਰ ਕੇ ਪੈਸੇ ਦੀ ਅਦਾਇਗੀ ਕੀਤੀ ਜਾਵੇ। ਮਥੁਰਾ ਪੁਲਸ ਕੱਲ੍ਹ ਇਸ ਸੰਬੰਧ ਵਿੱਚ ਲੁਧਿਆਣਾ ਪੁਲਸ ਦੀ ਟੀਮ ਨੂੰ ਨਾਲ ਲੈ ਕੇ ਢੋਲ ਨਗਾਰਿਆਂ ਨਾਲ ਸੂਦ ਭਰਾਵਾਂ ਦੇ ਘਰ ਪੁੱਜੀ ਅਤੇ ਪ੍ਰਾਪਰਟੀ ਕੁਰਕ ਕਰਨ ਦਾ ਨੋਟਿਸ ਘਰ ਦੇ ਬਾਹਰ ਚਿਪਕਾ ਦਿੱਤਾ ਗਿਆ। ਉੱਤਰ ਪ੍ਰਦੇਸ਼ ਦੇ ਮਥੁਰਾ ਅਤੇ ਪੰਜਾਬ ਦੇ ਲੁਧਿਆਣਾ ਦੀ ਪੁਲਸ ਨੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਜਾਣਕਾਰ ਸੂਤਰਾਂ ਅਨੁਸਾਰ ਅਦਾਲਤ ਦੇ ਹੁਕਮਾਂ 'ਤੇ ਧਾਰਾ 82 ਹੇਠ ਕੁਰਕੀ ਦਾ ਨੋਟਿਸ ਜਾਰੀ ਕੀਤਾ ਗਿਆ ਹੈ। ਜੇ ਇੱਕ ਮਹੀਨੇ ਵਿੱਚ ਸੂਦ ਭਰਾ ਅਦਾਲਤ ਸਾਹਮਣੇ ਪੇਸ਼ ਨਹੀਂ ਹੁੰਦੇ ਤਾਂ ਉਨ੍ਹਾਂ ਦੇ ਘਰ ਦਾ ਸਾਮਾਨ ਕੁਰਕ ਹੋ ਸਕਦਾ ਹੈ। ਵਰਨਣ ਯੋਗ ਹੈ ਕਿ ਕਰੀਬ ਇੱਕ ਮਹੀਨਾ ਪਹਿਲਾਂ ਉੱਤਰ ਪ੍ਰਦੇਸ਼ ਦੀ ਪੁਲਸ ਨੇ ਉਨ੍ਹਾਂ ਨੂੰ ਫੜਨ ਲਈ ਛਾਪੇ ਮਾਰੇ ਸਨ, ਪਰ ਓਦੋਂ ਸੂਦ ਭਰਾ ਨਹੀਂ ਮਿਲੇ ਸਨ ਅਤੇ ਨਾ ਉਹ ਅਦਾਲਤ 'ਚ ਪੇਸ਼ ਹੋਏ ਸਨ, ਜਿਸ ਪਿੱਛੋਂ ਕੁਰਕੀ ਦਾ ਨੋਟਿਸ ਜਾਰੀ ਹੋਇਆ ਹੈ। ਦੋਵਾਂ ਭਰਾਵਾਂ ਨੇ ਮਥੁਰਾ ਦੇ ਸੁਨਿਆਰੇ ਪ੍ਰਵੀਨ ਅਗਰਵਾਲ ਤੋਂ ਤਿੰਨ ਕਿਲੋ ਦਾ ਸੋਨੇ ਦਾ ਹੀਰੇ ਜੜ੍ਹਿਆ ਛਤਰ ਬਣਵਾਇਆ ਸੀ ਅਤੇ 1.31 ਕਰੋੜ ਦੀ ਅਦਾਇਗੀ ਨਹੀਂ ਕੀਤੀ, ਜਿਸ ਕਾਰਨ ਕੇਸ ਦਰਜ ਕੀਤਾ ਗਿਆ ਸੀ।








Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca




"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Toronto $179,000**
barBURRITO
**6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900**

**Old Church & Atchinson:** Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900**
Techlogics
**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000**
Photo Not Available
**10635 Bramalea Rd J-4:**Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000**

**373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000**
Photo Not Available
**5380 Terry Fox Way 12:** Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000**
Photo Not Available
**Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000**
Photo Not Available
**284 Orenda Dr 19:** Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700


**Brampton $459,000**


**7800 Hurontario St 1 :** Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.


**Barrie $769,000**

**Ferndale & Edgehill :**Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:**Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000**

**15 Gateway Blvd:** Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000**

**Clark & Bramalea:** Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000**

**Warden And Steeles:**Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000**

**Derry And Mclaughlin:**One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement .

*Canadian punjabi post assumes no responsibility for the accuracy of any information shown. Copyright Ppost 2019

# ਤੀਹ ਲੱਖ ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ੀ ਸਾਬਕਾ ਸੀ ਆਈ ਏ ਇੰਸਪੈਕਟਰ ਬਰਖਾਸਤ

ਪਟਿਆਲਾ, 5 ਮਾਰਚ (ਪੋਸਟ ਬਿਊਰੋ)- ਥਾਣਾ ਸਮਾਣਾ ਦੇ ਇੰਚਾਰਜ ਇੰਸਪੈਕਟਰ ਵਿਜੇ ਕੁਮਾਰ ਨੂੰ ਤੀਹ ਲੱਖ ਰੁਪਏ ਰਿਸ਼ਵਤ ਲੈਣ ਦੇ ਕੇਸ ਵਿੱਚ ਦੋਸ਼ ਸਹੀ ਪਾਏ ਜਾਣ ਦੇ ਬਾਅਦ ਬਰਖਾਸਤ ਕਰ ਦਿੱਤਾ ਗਿਆ। ਵਿਜੇ ਕੁਮਾਰ ਦੇ ਵਿਰੁੱਧ ਇਸ ਕਾਰਵਾਈ ਦੀ ਪੁਸ਼ਟੀ ਆਈ ਜੀ ਜਤਿੰਦਰ ਸਿੰਘ ਔਲਖ ਨੇ ਕੀਤੀ ਹੈ।

ਵਰਨਣ ਯੋਗ ਹੈ ਕਿ ਵਿਜੇ ਕੁਮਾਰ 'ਤੇ ਨਵੰਬਰ ਵਿੱਚ ਵਿਧਾਇਕ ਕਾਕਾ ਰਾਜਿੰਦਰ ਸਿੰਘ ਨੇ ਸ਼ਿਕਾਇਤ ਨਿਵਾਰਨ ਕਮੇਟੀ ਵਿੱਚ ਫੋਨ ਟੈਪਿੰਗ ਦੇ ਦੋਸ਼ ਲਾਏ ਸਨ। ਇਸ ਵਿੱਚ ਵਿਜੇ ਕੁਮਾਰ ਦੇ ਇਲਾਵਾ ਕੋਟ ਭਾਈਕਾ ਦੇ ਵਿਧਾਇਕ ਦੇ ਪੀ ਏ ਜੋਨੀ ਮਿੱਤਲ ਅਤੇ ਅਣਪਛਾਤੇ ਪੁਲਸ ਵਾਲਿਆਂ ਉੱਤੇ ਕੇਸ ਦਰਜ ਕਰ ਕੇ ਉਨ੍ਹਾ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕੀਤੀ ਗਈ ਅਤੇ ਕੇਸ ਵਿਜੀਲੈਂਸ ਨੂੰ ਸੌਂਪਿਆ ਗਿਆ ਅਤੇ ਵਿਭਾਗੀ ਜਾਂਚ ਵਿੱਚ ਦੋਸ਼ ਸਹੀ ਪਾਏ ਗਏ। ਰਾਜਿੰਦਰਪਾਲ ਸਿੰਘ ਵਾਸੀ ਬਠਿੰਡਾ ਬੀਤੇ 18 ਅਕਤੂਬਰ ਨੂੰ ਆਪਣੇ ਜਾਣਕਾਰ ਦੇ ਘਰ ਧਾਮੋਮਾਜਰਾ ਵਿੱਚ ਗਿਆ ਸੀ। ਉਥੇ ਵਿਜੇ ਕੁਮਾਰ ਨੇ ਟੀਮ ਦੇ ਨਾਲ ਬਿਨਾਂ ਸਰਚ ਵਾਰੰਟ ਦੇ ਰੇਡ ਕੀਤੀ ਅਤੇ ਉਨ੍ਹਾਂ ਨਾਲ ਧੱਕੇਸ਼ਾਹੀ ਕੀਤੀ। ਇਸ ਦੇ ਬਾਅਦ ਘਰ 'ਚੋਂ ਦੋ ਸੋਨੇ ਦੇ ਕੜੇ, ਇੱਕ ਚੇਨ ਅਤੇ ਰਿੰਗ ਲੈ ਲਈ ਅਤੇ ਐੱਨ ਡੀ ਪੀ ਐੱਸ ਦੇ ਝੂਠੇ ਕੇਸ ਵਿੱਚ ਫਸਾਉਣ ਦੀ ਧਮਕੀ ਦੇ ਕੇ ਪੰਜਾਹ ਲੱਖ ਰੁਪਏ ਦੀ ਮੰਗ ਕੀਤੀ ਸੀ। ਬਾਅਦ ਵਿੱਚ ਜੋਨੀ ਮਿੱਤਲ ਨੇ ਸਮਝੌਤਾ ਕਰਵਾਇਆ ਤਾਂ ਤੀਹ ਲੱਖ ਰੁਪਏ ਲੈਣ ਦੇ ਬਾਅਦ ਦੋਸ਼ੀਆਂ ਨੇ ਉਨ੍ਹਾਂ ਨੂੰ ਛੱਡਿਆ ਸੀ।

# ਹੁਸ਼ਿਆਰਪੁਰ ਦੀ ਬਜਵਾੜਾ ਸੁਸਾਈਟੀ ਉੱਤੇ 420 ਦਾ ਕੇਸ ਦਰਜ ਹੋਵੇਗਾ

ਹੁਸ਼ਿਆਰਪੁਰ, 5 ਮਾਰਚ (ਪੋਸਟ ਬਿਊਰੋ)- ਨਗਰ ਨਿਗਮ ਦੀ ਵਿੱਤ ਤੇ ਠੇਕਾ ਕਮੇਟੀ (ਐੱਫ ਐਂਡ ਸੀ ਸੀ) ਦੀ ਬੈਠਕ ਵਿੱਚ ਕੱਲ੍ਹ ਹੁਸ਼ਿਆਰਪੁਰ ਦੀ ਠੇਕੇਦਾਰ ਕੰਪਨੀ ਬਜਵਾੜਾ ਸੋਸਾਈਟੀ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰਾਉਣ ਦਾ ਫੈਸਲਾ ਲਿਆ ਗਿਆ ਹੈ। ਕਮੇਟੀ ਨੇ ਠੇਕੇਦਾਰ ਕੰਪਨੀ ਨੂੰ ਬਲੈਕਲਿਸਟ ਕਰਨ ਅਤੇ ਨਾਲ ਵਿਭਾਗੀ ਕਾਰਵਾਈ ਦੇ ਹੁਕਮ ਵੀ ਦਿੱਤੇ ਹਨ। ਇਸ ਤੋਂ ਪਹਿਲਾਂ ਕਮੇਟੀ ਨੇ ਏਜੰਡਾ ਵਿੱਚ ਕੰਪਨੀ ਦੇ ਖਿਲਾਫ ਪੁਲਸ ਜਾਂਚ ਕਰਾਉਣ ਦਾ ਮਤਾ ਰੱਖਿਆ ਸੀ। ਵਿਰੋਧ ਦੇ ਬਾਅਦ ਇਸ ਮਤੇ ਨੂੰ ਰੱਦ ਕਰ ਕੇ ਕੇਸ ਦਰਜ ਕਰਾਉਣ ਦਾ ਫੈਸਲਾ ਲਿਆ ਗਿਆ ਹੈ, ਇਸ ਲਈ ਨਿਗਮ ਆਪਣੇ ਵੱਲੋਂ ਪੁਲਸ ਨੂੰ ਠੇਕੇਦਾਰ ਕੰਪਨੀ 'ਤੇ ਕੇਸ ਦਰਜ ਕਰਨ ਦੀ ਸਿਫਾਰਸ਼ ਕਰੇਗੀ। ਵਰਨਣ ਯੋਗ ਹੈ ਕਿ ਹੁਸ਼ਿਆਰਪੁਰ ਦੀ ਬਜਵਾੜਾ ਕੋਆ-ਪਰੇਟਿਵ ਐੱਸ ਸੀ ਸੋਸਾਈਟੀ ਵੱਲੋਂ ਪਿਛਲੇ ਸਾਲ ਭਰੇ ਬੀ ਐਂਡ ਆਰ ਦੇ ਟੈਂਡਰ ਵਿੱਚ ਗੜਬੜ ਲੱਭੀ ਸੀ। ਬਜਵਾੜਾ ਸੋਸਾਈਟੀ ਨੇ ਠੇਕੇ ਲੈਣ ਦੇ ਗਲਤ ਸਰਟੀਫਿਕੇਟ ਲਾਏ ਸਨ। ਚੋਰੀ ਫੜੇ ਜਾਣ ਪਿੱਛੋਂ ਨਿਗਮ ਨੇ ਪਰਚਾ ਦਰਜ ਕਰਵਾਉਣ ਦਾ ਮਤਾ ਰੱਖਿਆ, ਜਿਸ 'ਤੇ ਠੇਕੇਦਾਰ ਕੰਪਨੀ ਦੇ ਸੰਚਾਲਕ ਈਸ਼ਾਂਤ ਸ਼ਰਮਾ ਨੇ ਨਿਗਮ ਨੂੰ ਦੱਸਿਆ ਸੀ ਕਿ ਉਨ੍ਹਾਂ ਦੀ ਗੁੰਮ ਹੋਈ ਪੈਨ ਡਰਾਈਵ ਵਿੱਚੋਂ ਕਿਸੇ ਨੇ ਉਨ੍ਹਾਂ ਦੀ ਕੰਪਨੀ ਦੇ ਫਰਜ਼ੀ ਦਸਖਤ ਕਰ ਕੇ ਟੈਂਡਰ ਪਾਏ ਸਨ। ਕੱਲ੍ਹ ਦੀ ਮੀਟਿੰਗ ਵਿੱਚ ਡਿਪਟੀ ਮੇਅਰ ਸਿਮਰਨਜੀਤ ਸਿੰਘ ਬੰਟੀ ਨੇ ਇਸ ਦਾ ਵਿਰੋਧ ਕੀਤਾ ਤੇ ਕਿਹਾ ਕਿ ਜਦ ਕੰਪਨੀ ਨੇ ਫਰਾਡ ਕੀਤਾ ਹੈ ਤਾਂ ਉਸ ਦੇ ਖਿਲਾਫ ਨਿਗਮ ਵੱਲੋਂ ਪਰਚਾ ਦਰਜ ਕੀਤਾ ਜਾਏ, ਜਿਸ ਦੇ ਬਾਅਦ ਕਮੇਟੀ ਨੇ ਏਜੰਡੇ ਦਾ ਮਤਾ ਰੱਦ ਕਰ ਕੇ ਕੇਸ ਦਰਜ ਕਰਾਉਣ ਦਾ ਫੈਸਲਾ ਲਿਆ।

# ਰੂਰਲ ਐੱਨ.ਜੀ.ਓ.ਮੋਗਾ ਨੇ 10 ਬਿਹਤਰੀਨ ਕਲੱਬਾਂ ਨੂੰ ਕੀਤਾ ਸਨਮਾਨਿਤ

## ਲੂੰਬਾ ਸਮੇਤ ਪੰਜ ਬਲਾਕ ਪ੍ਰਧਾਨ ਸਨਮਾਨਿਤ

ਮੋਗਾ, 5 ਮਾਰਚ (ਗਿਆਨ ਸਿੰਘ): ਮੋਗਾ ਜਿਲ੍ਹੇ ਦੀ ਉਘੀ ਅਤੇ ਸਟੇਟ ਐਵਾਰਡੀ ਸਮਾਜ ਸੇਵੀ ਸੰਸਥਾ ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਮੋਗਾ ਵੱਲੋਂ ਆਪਣੇ ਅੱਠਵੇਂ ਚੋਣ ਇਜਲਾਸ ਦੌਰਾਨ ਮੋਗਾ ਜਿਲ੍ਹੇ ਦੀਆਂ 10 ਬਿਹਤਰੀਨ ਕਲੱਬਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਰੂਰਲ ਐਨ.ਜੀ.ਓ. ਮੋਗਾ ਦੇ ਪੰਜਾਂ ਸਾਬਕਾ ਬਲਾਕ ਪ੍ਰਧਾਨਾਂ ਅਤੇ ਸਾਬਕਾ ਜਿਲ੍ਹਾ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੂੰ ਪਿਛਲੇ ਦੋ ਸਾਲਾਂ ਵਿੱਚ ਕੀਤੇ ਸਮਾਜ ਸੇਵੀ ਕੰਮਾਂ ਦੇ ਆਧਾਰ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸਾਰੇ ਕਲੱਬਾਂ ਦੀ ਕਾਰਗੁਜਾਰੀ ਰਿਪੋਰਟ ਸਟੇਜ਼ ਤੋਂ ਪੜ੍ਹ ਕੇ ਸੁਣਾਈ ਗਈ, ਜਿਸ ਦੇ ਆਧਾਰ ਤੇ ਬਲਾਕ ਮੋਗਾ ਇੱਕ ਵਿੱਚੋਂ ਬ੍ਰਹਮ ਗਿਆਨੀ ਸੰਤ ਗੁਰਦਿੱਤ ਸਿੰਘ ਕਲੱਬ ਧੂੜਕੋਟ ਚੜ੍ਹਤ ਸਿੰਘ ਵਾਲਾ, ਬਲਾਕ ਮੋਗਾ ਦੋ ਵਿੱਚੋਂ ਸਤਿਕਾਰ ਕਮੇਟੀ ਗੱਜਣਵਾਲਾ, ਬਲਾਕ ਧਰਮਕੋਟ ਵਿੱਚੋਂ ਫਰੈਂਡਜ਼ ਐਜੂਕੇਅਰ ਐਂਡ ਵੈਲਫੇਅਰ ਸੁਸਾਇਟੀ ਕੋਟ ਈਸੇ ਖਾਂ, ਬਲਾਕ ਬਾਘਾ ਪੁਰਾਣਾ ਵਿੱਚੋਂ ਸਮਾਲਸਰ ਸਮਾਜ ਸੇਵਾ ਸੰਮਤੀ ਸਮਾਲਸਰ ਅਤੇ ਬਲਾਕ ਨਿਹਾਲ ਸਿੰਘ ਵਾਲਾ ਵਿੱਚੋਂ ਆਜਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਸੈਦੋਕੇ ਨੂੰ ਬਲਾਕ ਵਿੱਚੋਂ





ਬਿਹਤਰੀਨ ਕਲੱਬ ਚੁਣਿਆ ਗਿਆ ਜਦਕਿ ਡੇਲੀ ਰਾਊਕੇ ਨਿਊਜ਼ ਵੇਲਫੇਅਰ ਸੁਸਾਇਟੀ ਨੂੰ ਜਿਲ੍ਹੇ ਵਿੱਚੋਂ ਬਿਹਤਰੀਨ ਪੇਂਡੂ ਕਲੱਬ ਚੁਣਿਆ ਗਿਆ । ਇਸ ਤੋਂ ਇਲਾਵਾ ਸੰਸਥਾ ਵੱਲੋਂ ਮੋਗਾ ਸ਼ਹਿਰ ਦੀਆਂ ਚਾਰ ਕਲੱਬਾਂ ਨੂੰ ਵੀ ਉਹਨਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਖਾਲਸਾ ਸੇਵਾ ਸੁਸਾਇਟੀ ਮੋਗਾ, ਮੋਗਾ ਯੂਥ ਵੈਲਫੇਅਰ ਕਲੱਬ, ਸਮਾਜ ਸੇਵਾ ਸੁਸਾਇਟੀ ਮੋਗਾ ਅਤੇ ਭਾਈ ਘਨਈਆ ਬਲੱਡ ਡੋਨਰ ਸੁਸਾਇਟੀ ਮੋਗਾ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਰੂਰਲ ਐਨ.ਜੀ.ਓ. ਮੋਗਾ ਦੇ ਪੰਜਾਂ ਸਾਬਕਾ ਬਲਾਕ ਪ੍ਰਧਾਨਾਂ ਗੁਰਚਰਨ ਸਿੰਘ ਰਾਜੂ ਪੱਤੋ, ਅਵਤਾਰ ਸਿੰਘ ਘੋਲੀਆ, ਰਮਨਦੀਪ ਸਿੰਘ ਬਰਾੜ ਦੱਦਾਹੂਰ, ਕੁਲਦੀਪ ਸਿੰਘ ਸੰਗਲਾ, ਗਗਨ ਟੰਡਨ ਬੁੱਘੀਪੁਰਾ ਅਤੇ ਸਾਬਕਾ ਜਿਲ੍ਹਾ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੂੰ ਉਹਨਾ ਦੀਆਂ ਪਿਛਲੇ ਦੋ ਸਾਲਾਂ ਦੀ ਕਾਰਗੁਜਾਰੀ ਦੇ ਆਧਾਰ ਤੇ ਸਨਮਾਨਿਤ ਕੀਤਾ ਗਿਆ । ਨਵੀਂ ਚੁਣੀ ਗਈ ਐਨ.ਜੀ.ਓ. ਕਮੇਟੀ ਵੱਲੋਂ ਜਿਲ੍ਹਾ ਪ੍ਰਧਾਨ ਦਵਿੰਦਰਜੀਤ ਸਿੰਘ ਗਿੱਲ ਦੀ ਅਗਵਾਈ ਵਿੱਚ ਇਹਨਾਂ ਕਲੱਬਾਂ ਅਤੇ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਪ੍ਰਧਾਨ ਦਵਿੰਦਰਜੀਤ ਸਿੰਘ ਗਿੱਲ ਅਤੇ ਚੇਅਰਮੈਨ ਮਹਿੰਦਰ ਪਾਲ ਲੂੰਬਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਾਨੂੰ ਇਹਨਾਂ ਕਲੱਬਾਂ ਅਤੇ ਸਮਾਜ ਸੇਵੀ ਸਖਸ਼ੀਅਤਾਂ ਤੇ ਮਾਣ ਹੈ, ਜੋ ਆਪਣੇ ਪਰਿਵਾਰਕ ਸਮੇਂ ਅਤੇ ਨਿੰਜੀ ਕਮਾਈ ਵਿੱਚੋਂ ਸਮਾਜ ਦੇ ਲੋੜਵੰਦ ਲੋਕਾਂ ਦੀ ਮੱਦਦ ਲਈ ਹਮੇਸ਼ਾ ਤਿਆਰ ਰਹਿੰਦੇ ਹਨ । ਉਹਨਾ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਹਰ ਦੋ ਸਾਲ ਬਾਅਦ ਹਰ ਬਲਾਕ ਵਿੱਚੋਂ ਇੱਕ ਬਿਹਤਰੀਨ ਕਲੱਬ ਚੁਣੀ ਜਾਂਦੀ ਹੈ ਅਤੇ ਕਲੱਬਾਂ ਨੂੰ ਸਮਾਜ ਪ੍ਰਤੀ ਸਮਰਪਿਤ ਕਰਨ ਲਈ ਇਹ ਅਮਲ ਭਵਿੱਖ ਵਿੱਚ ਵੀ ਜਾਰੀ ਰਹੇਗਾ । ਇਸ ਮੌਕੇ ਗੁਰਸੇਵਕ ਸੰਨਿਆਸੀ, ਗੁਰਨਾਮ ਸਿੰਘ ਲਵਲੀ, ਪਰਮਜੋਤ ਸਿੰਘ ਖਾਲਸਾ, ਬਲਜੀਤ ਸਿੰਘ ਚਾਨੀ, ਨੀਰਜ ਬਠਲਾ, ਜਗਸੀਰ ਸਿੰਘ ਰਾਊਕੇ, ਅਵਤਾਰ ਸਿੰਘ ਰਾਊਕੇ, ਕਮਲਜੀਤ ਸੈਦੋਕੇ, ਗੁਰਮੀਤ ਸਿੰਘ ਸੈਦੋਕੇ, ਗੁਰਚਰਨ ਸਿੰਘ ਰਾਜੂ ਪੱਤੋ, ਡਾ. ਬਲਰਾਜ ਸਿੰਘ, ਰਾਕੇਸ਼ ਬਿੱਟਾ, ਦੀਪਕ ਅਰੋੜਾ, ਰਮਨਦੀਪ ਸਿੰਘ ਬਰਾੜ, ਗਗਨ ਟੰਡਨ, ਕਮਲਜੀਤ ਸਿੰਘ ਧੂੜਕੋਟ, ਕੁਲਦੀਪ ਸਿੰਘ ਸੰਗਲਾ, ਜਗਤਾਰ ਸਿੰਘ ਜਾਨੀਆਂ, ਗੁਰਤੇਜ ਸਿੰਘ ਢਿੱਲੋਂ ਗੱਜਣਵਾਲਾ, ਸੁਖਵਿੰਦਰ ਸਿੰਘ ਖੋਟਾ ਤੋਂ ਇਲਾਵਾ ਐਨ.ਜੀ.ਓ. ਦੇ ਮੁੱਖ ਸਲਾਹਕਾਰ ਗੁਰਬਚਨ ਸਿੰਘ ਗਗੜਾ ਸਮੇਤ ਸਮੂਹ ਐਨ.ਜੀ.ਓ. ਮੈਂਬਰ ਹਾਜਰ ਸਨ ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਚੰਡੀਗੜ੍ਹ, ਪੰਜਾਬ, ਹਰਿਆਣਾ ਨੂੰ ਆਵਾਰਾ ਕੁੱਤਿਆਂ ਬਾਰੇ ਹਾਈ ਕੋਰਟ ਦੀ ਫਿਟਕਾਰ

ਚੰਡੀਗੜ੍ਹ, 5 ਮਾਰਚ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਵਾਰਾ ਕੁੱਤਿਆਂ ਬਾਰੇ ਹਰਿਆਣਾ, ਪੰਜਾਬ ਅਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਉਠਾਏ ਗਏ ਕਦਮਾਂ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ।

ਕੋਰਟ ਨੇ ਦੋਵਾਂ ਰਾਜਾਂ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਹੁਕਮ ਦਿੱਤੇ ਹਨ ਕਿ ਆਪਣੇ ਨਿਗਮ, ਨਗਰ ਪਾਲਿਕਾ ਜਾਂ ਨਗਰ ਕੌਂਸਲ ਦੇ ਅਧੀਨ ਘੱਟੋ ਘੱਟ ਪੰਜ ਡੌਗ ਪੌਂਡ ਬਣਾਉਣ ਦਾ ਯਤਨ ਕਰਨ। ਤਿੰਨਾਂ ਧਿਰਾਂ ਨੂੰ ਫਿਟਕਾਰ ਲਾਉਂਦੇ ਹੋਏ ਹਾਈ ਕੋਰਟ ਨੇ ਕਿਹਾ ਕਿ ਇਹ ਲੋਕ ਆਵਾਰਾ ਕੁੱਤਿਆਂ ਦੇ ਖੌਫ ਤੋਂ ਲੋਕਾਂ ਨੂੰ ਬਚਾਉਣ ਤੋਂ ਨਾਕਾਮ ਰਹੇ ਹਨ। ਜਸਟਿਸ ਰਾਜੀਵ ਸ਼ਰਮਾ ਦੇ ਬੈਂਚ ਨੇ ਕਿਹਾ ਕਿ ਸਥਿਤੀ ਇਹ ਹੈ ਕਿ ਜਿੱਥੇ ਦੇਖੋ ਆਵਾਰਾ ਕੁੱਤੇ ਨਜ਼ਰ ਆਉਂਦੇ ਹਨ। ਕੁੱਤੇ ਦੇ ਕੱਟਣ ਦੀਆਂ ਘਟਨਾਵਾਂ ਆਮ ਹੁੰਦੀਆਂ ਹਨ। ਕੋਰਟ ਨੇ ਹਰਿਆਣਾ, ਪੰਜਾਬ ਅਤੇ ਯੂ ਟੀ ਵਿੱਚ ਸਾਰੀਆਂ ਸ਼ਹਿਰੀ ਅਥਾਰਟੀਆਂ ਨੂੰ ਪਾਲਤੂ ਕੁੱਤਿਆਂ ਨੂੰ ਰਜਿਸਟਰ ਕਰ ਕੇ ਉਨ੍ਹਾਂ ਨੂੰ ਟੋਕਨ ਦੇਣ ਦੇ ਹੁਕਮ ਦਿੱਤੇ ਹਨ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ
ਕਰਤਾਰ ਫਰਨੀਚਰ
132''
88''
8 Seated Sofa
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਸੰਪਾਦਕੀ

## ਕੀ ਸੰਭਵ ਹੈ ਸੈੱਲ ਫੋਨ ਬਿੱਲਾਂ ਨੂੰ ਘੱਟ ਕਰਨਾ

ਫੈਡਰਲ ਇੰਨੋਵੇਸ਼ਨ, ਸਾਇੰਸ ਅਤੇ ਇੰਡਸਟਰੀ ਮਹਿਕਮੇ ਦੇ ਮੰਤਰੀ ਨਵਦੀਪ ਸਿੰਘ ਬੈਂਸ ਨੇ ਕੱਲ ਐਲਾਨ ਕੀਤਾ ਕਿ ਸਰਕਾਰ ਤਿੰਨ ਵੱਡੀਆਂ ਸੈੱਲ ਫੋਨ ਕੰਪਨੀਆਂ ਰੌਜਰਸ, ਟੈਲਸ ਅਤੇ ਬੈੱਲ ਨੂੰ ਸੈੱਲ ਫੋਨਾਂ ਦੇ ਬਿੱਲ ਅਗਲੇ ਦੋ ਸਾਲ ਵਿੱਚ 25% ਘੱਟ ਕਰਨ ਲਈ ਆਖ ਰਹੀ ਹੈ। ਸਰਕਾਰ ਮੁਤਾਬਕ 2 ਤੋਂ 6 ਗੀਗਾਬਾਈਟ (gigabyte) ਵਾਲੀਆਂ ਪਲਾਨਾਂ ਜਿਹਨਾਂ ਵਿੱਚ ਟਾਕ, ਟੈਕਸਟ ਅਤੇ ਡਾਟਾ ਪਲਾਨ ਸ਼ਾਮਲ ਹੋਵੇਗਾ, ਦੀ ਕੀਮਤ 40 ਡਾਲਰ ਪ੍ਰਤੀ ਮਹੀਨਾ ਹੋ ਜਾਣੀ ਚਾਹੀਦੀ ਹੈ। ਨਵਦੀਪ ਬੈਂਸ ਨੇ ਉਹ ਅੰਕੜੇ ਵੀ ਜਾਰੀ ਕੀਤੇ ਜੋ ਦੱਸਦੇ ਹਨ ਕਿ ਜੀ-7 ਦੇਸ਼ਾਂ ਨਾਲੋਂ ਕੈਨੇਡਾ ਵਿੱਚ ਵਾਇਰਲੈੱਸ ਸੇਵਾਵਾਂ ਸੱਭ ਤੋਂ ਵੱਧ ਮਹਿੰਗੀਆਂ ਹਨ। ਅੰਕੜਾ ਵਿਭਾਗ ਵੱਲੋਂ ਜਾਰੀ ਕੀਤੀ ਜਾਣਕਾਰੀ ਮੁਤਾਬਕ ਕੁੱਝ ਖੇਤਰੀ ਕੰਪਨੀਆਂ ਜਿਵੇਂ ਕਿ ਫਰੀਡਮ ਮੋਬਾਈਲ, ਸਸਕਟੈਲ, ਵੀਡੀਓਟਰਾਨ ਅਤੇ ਈਸਟਲਿੰਕ ਵੱਲੋਂ ਪੇਸ਼ ਪਲਾਨ ਵੱਡੀਆਂ ਮੱਛੀਆਂ ਰੌਜ਼ਰਜ, ਬੈੱਲ ਅਤੇ ਟੈਲਸ ਨਾਲੋਂ 45% ਤੱਕ ਸਸਤੀਆਂ ਹਨ। ਵੱਡੀਆਂ ਕੰਪਨੀਆਂ ਨੇ ਆਪਣੇ ਕਾਰੋਬਾਰ ਨੂੰ ਵੱਖਰੀ ਰੰਗਤ ਦੇਣ ਲਈ ਵਿਰਜਨ (ਬੈੱਲ), ਫਾਈਡੋ (ਰੌਜਰਜ਼) ਅਤੇ ਕੁਡੋ (ਟੈਲਸ) ਕੰਪਨੀਆਂ ਮਾਰਕੀਟ ਵਿੱਚ ਲਿਆਂਦੀਆਂ ਹੋਈਆਂ ਹਨ ਜੋ ਸਸਤੇ ਪਲਾਨ ਦੇਣ ਲਈ ਜਾਣੀਆਂ ਜਾਂਦੀਆਂ ਹਨ। ਇਹਨਾਂ ਸਾਰੀਆਂ ਨਿੱਕੀਆਂ ਕੰਪਨੀਆਂ ਕੋਲ ਮਾਰਕੀਟ ਦਾ ਸਿਰਫ਼ 10% ਹਿੱਸਾ ਹੈ ਜਦੋਂ ਕਿ 90% ਤਿੰਨ ਵੱਡੀਆਂ ਮੱਛੀਆਂ ਕੋਲ ਹੈ।

ਲਿਬਰਲ ਪਲੇਟਫਾਰਮ 2019 ਦੇ ਵਾਅਦੇ ਨੂੰ ਪੂਰਾ ਕਰਨ ਲਈ ਚੁੱਕੇ ਗਏ ਇਸ ਕਦਮ ਦੀ ਸ਼ਲਾਘਾ ਕਰਨਾ ਬਣਦਾ ਹੈ ਪਰ ਕੀ ਸਰਕਾਰ ਆਪਣੀ ਮਰਜ਼ੀ ਨੂੰ ਲਾਗੂ ਕਰ ਪਾਵੇਗੀ, ਇਸ ਬਾਰੇ ਸੁਚੇਤ ਰਹਿਣ ਦੀ ਵੀ ਲੋੜ ਹੈ। ਨਵਦੀਪ ਬੈਂਸ ਹੋਰਾਂ ਨੇ ਖੁਦ ਵੀ ਕਬੂਲ ਕੀਤਾ ਹੈ ਕਿ ਵੱਡੀਆਂ ਕੰਪਨੀਆਂ ਨੂੰ ਬਿੱਲ ਘੱਟ ਕਰਨ ਲਈ ਮਜ਼ਬੂਰ ਕਰਨਾ ਔਖਾ ਸਾਬਤ ਹੋ ਸਕਦਾ ਹੈ। ਅਸਲ ਵਿੱਚ ਨਵਦੀਪ ਬੈਂਸ ਨੇ ਇਸ ਗੱਲ ਨੂੰ ਮੰਨਿਆ ਹੈ ਕਿ ਸ਼ਾਇਦ ਬਿੱਲ ਥੱਲੇ ਨਹੀਂ ਵੀ ਆ ਸਕਦੇ, ਜਿਸ ਸੂਰਤ ਵਿੱਚ ਸਰਕਾਰ ਆਪਣੇ ਸ਼ਿਕੰਜੇ ਨੂੰ ਹੋਰ ਕੱਸੇਗੀ। ਪਿਛਲੀ ਉਂਟੇਰੀਓ ਦੀ ਲਿਬਰਲ ਸਰਕਾਰ ਦਾ ਆਟੋ ਬੀਮਾਂ ਦਰਾਂ ਨੂੰ 15% ਘੱਟ ਕਰਨ ਦਾ ਐਲਾਨ ਸੱਭਨਾਂ ਨੂੰ ਚੇਤੇ ਹੈ ਜਿਸ ਬਾਰੇ ਤਤਕਾਲੀ ਵਿੱਤ ਮੰਤਰੀ ਚਾਰਲਸ ਸੂਸਾ ਨੇ ਕਿਹਾ ਸੀ ਕਿ ਅਸੀਂ ਬੀਮਾ ਕੰਪਨੀਆਂ ਨੂੰ ਦਰਾਂ ਘੱਟ ਕਰਨ ਲਈ ਮਜ਼ਬੂਰ ਕਰ ਦਿਆਂਗੇ। ਦੋ ਸਾਲ ਬਾਅਦ ਪਬਲਿਕ ਨੇ ਪਾਇਆ ਸੀ ਕਿ ਪਰਨਾਲਾ ਉੱਥੇ ਦਾ ਉੱਥੇ ਹੀ ਖੜਾ ਹੈ। ਐਨ ਡੀ ਪੀ ਦੇ ਸਹਾਰੇ ਚੱਲਣ ਵਾਲੀ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਜਿਉਂ ਹੀ ਅਗਲੀ ਵਾਰ ਬਹੁ-ਗਿਣਤੀ ਹਾਸਲ ਹੋਈ, ਵਾਅਦਾ ਭੁੱਲਾ ਦਿੱਤਾ ਗਿਆ ਸੀ। ਕਿਤੇ ਸੈੱਲ ਫੋਨ ਬਿੱਲਾਂ ਦਾ ਹਸ਼ਰ ਉਂਟੇਰੀਓ ਦੀਆਂ ਬੀਮਾਂ ਦਰਾਂ ਵਰਗਾ ਹੀ ਤਾਂ ਨਹੀਂ ਹੋਣ ਜਾ ਰਿਹਾ?

ਸੁਆਲ ਹੈ ਕਿ ਕੈਨੇਡਾ ਦੀ ਵਾਇਰਲੈੱਸ ਮਾਰਕੀਟ ਨੂੰ ਦਰੁਸਤ ਕਰਨ ਲਈ ਜੋ ਕਦਮ ਸਰਕਾਰ ਨੇ ਦੋ ਸਾਲ ਬਾਅਦ ਚੁੱਕਣੇ ਹਨ, ਕੀ ਉਹ ਅੱਜ ਕਿਉਂ ਨਹੀਂ ਚੁੱਕੇ ਜਾ ਸਕਦੇ? ਇਹਨਾਂ ਕਦਮਾਂ ਵਿੱਚ ਛੋਟੀਆਂ ਕੰਪਨੀਆਂ ਜਾਂ ਵਿਦੇਸ਼ੀ ਕੰਪਨੀਆਂ ਨੂੰ ਮਾਰਕੀਟ ਹੋਣ ਦੀ ਇਜ਼ਾਜਤ ਦੇਣਾ ਹੋ ਸਕਦਾ ਹੈ, ਜਿਸਦਾ ਵੱਡੀਆਂ ਕੰਪਨੀਆਂ ਵਿਰੋਧ ਕਰ ਰਹੀਆਂ ਹਨ। ਇਹ ਵਿਰੋਧ ਇਸ ਕਦਰ ਹੈ ਕਿ ਸਟੀਫਨ ਹਾਰਪਰ ਸਰਕਾਰ ਨੇ ਜਦੋਂ ਅਮਰੀਕੀ ਕੰਪਨੀਆਂ ਦੇ ਦਾਖ਼ਲੇ ਨੂੰ ਇਜ਼ਾਜਤ ਦੇਣ ਦੀ ਗੱਲ ਕੀਤੀ ਸੀ ਤਾਂ ਰੌਜਰਜ਼, ਬੈੱਲ ਅਤੇ ਟੈਲਸ ਨੇ ਆਪਸ ਵਿੱਚ ਮਿਲ ਕੇ 500 ਮਿਲੀਅਨ ਡਾਲਰ ਇੱਕਤਰ ਕਰਕੇ ਸਰਕਾਰ ਵਿਰੁੱਧ ਪ੍ਰਚਾਰ ਕੀਤਾ ਸੀ ਅਤੇ ਸਰਕਾਰ ਦੀ ਬੋਲਤੀ ਬੰਦ ਕਰ ਦਿੱਤੀ ਸੀ।

ਵੱਡੀਆਂ ਕੰਪਨੀਆਂ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਉਹਨਾਂ ਨੇ ਪਿਛਲੇ ਸਾਲਾਂ ਵਿੱਚ ਸੈੱਲ ਫੋਨ ਪਲਾਨ ਸਸਤੀਆਂ ਕੀਤੀਆਂ ਹਨ ਅਤੇ ਇਸ ਬਾਬਤ ਅੰਕੜੇ ਵੀ ਨਸ਼ਰ ਕੀਤੇ ਜਾ ਰਹੇ ਹਨ। ਕੈਨੇਡਾ ਦੇ ਪਬਲਿਕ ਇੰਟਰੈਸਟ ਐਡਵੋਕੇਸੀ ਗਰੁੱਪ (Public Interest Advocacy Group) ਨੇ ਪਲਾਨਾਂ ਦੀ ਖੋਜ ਕਰਨ ਤੋਂ ਬਾਅਦ ਸਿੱਟਾ ਕੱਢਿਆ ਹੈ ਕਿ ਪਲਾਨ ਸਸਤੀਆਂ ਸਿਰਫ਼ ਨਜ਼ਰ ਆ ਰਹੀਆਂ ਹਨ ਪਰ ਅਸਲ ਵਿੱਚ ਕੈਨੇਡੀਅਨ ਖਤਪਕਾਰਾਂ ਦਾ ਸੈੱਲ ਫੋਨ ਪਲਾਨਾਂ ਉੱਤੇ ਖਰਚਾ ਵੱਧਦਾ ਜਾ ਰਿਹਾ ਹੈ।

ਪਲਾਨਾਂ ਨੂੰ ਸਸਤਾ ਕਰਨ ਲਈ ਸਰਕਾਰ ਦੀ ਮੁੱਢਲੀ ਯੋਜਨਾ ਮਾਰਕੀਟ ਨੂੰ ਮੁਕਾਬਲੇ ਵਾਲੀ ਬਣਾਉਣਾ ਹੈ। ਦੂਜੇ ਪਾਸੇ ਐਨ ਡੀ ਪੀ ਦਾ ਸੁਝਾਅ ਹੈ ਕਿ ਮੁਕਾਬਲਾ ਜਿਹੋ ਜਿਹਾ ਮਰਜ਼ੀ ਹੋਵੇ ਸਰਕਾਰ ਨੂੰ ਇੱਕ ਵੱਧ ਤੋਂ ਵੱਧ ਸੀਮਾ ਤੈਅ ਕਰਨ ਦੇਣੀ ਚਾਹੀਦੀ ਹੈ ਜਿਸਤੋਂ ਉੱਤੇ ਕਿਸੇ ਕੰਪਨੀ ਦਾ ਰੇਟ ਨਹੀਂ ਜਾ ਸਕਦਾ! ਕੀ ਸਰਕਾਰ ਅਜਿਹਾ ਕਰੇਗੀ ਜਾਂ ਕਰਨ ਦੇ ਸਮਰੱਥ ਹੋਵੇਗੀ, ਇਹ ਸੁਆਲ ਹੈ ਜਿਸਦਾ ਜਵਾਬ ਹਾਲੇ ਕਿਸੇ ਕੋਲ ਨਹੀਂ ਹੈ।

## ਬੀ ਬੀ ਸੀ ਪੋਲ ਵਿੱਚ ਮਹਾਰਾਜਾ ਰਣਜੀਤ ਸਿੰਘ ਦੁਨੀਆਂ ਦੇ ਸਭ ਤੋਂ ਮਹਾਨ ਨੇਤਾ ਚੁਣੇ ਗਏ



ਲੰਡਨ, 5 ਮਾਰਚ, (ਪੋਸਟ ਬਿਊਰੋ)- ਬੀ ਬੀ ਸੀ ਵਰਲਡ ਹਿਸਟ੍ਰੀਜ਼ ਮੈਗਜ਼ੀਨ ਵੱਲੋਂ ਕਰਵਾਏ ਗਏ ਪੋਲ ਵਿੱਚ ਭਾਰਤ ਵਿੱਚ 19ਵੀਂ ਸਦੀ ਦੇ ਸਿੱਖ ਮਹਾਰਾਜਾ ਰਣਜੀਤ ਸਿੰਘ ਨੂੰ ਅੱਜ ਤਕ ਦਾ ਸਭ ਤੋਂ ਮਹਾਨ ਨੇਤਾ ਚੁਣਿਆ ਗਿਆ ਹੈ। ਇਸ ਪੋਲ ਵਿੱਚ ਪੰਜ ਹਜ਼ਾਰ ਪਾਠਕਾਂ ਨੇ ਹਿੱਸਾ ਲਿਆ ਅਤੇ 38 ਫ਼ੀਸਦੀ ਤੋਂ ਵੱਧ ਨੇ ਰਣਜੀਤ ਸਿੰਘ ਦੇ ਪੱਖ ਵਿੱਚ ਵੋਟ ਦਿੱਤੇ। ਦੂਜੇ ਥਾਂ 25 ਫ਼ੀਸਦੀ ਵੋਟਾਂ ਨਾਲ ਅਫ਼ਰੀਕਾ ਦੇ ਅਜ਼ਾਦੀ ਘੁਲਾਟੀਏ ਅਮਿਲਕਰ ਕ੍ਰੈਬਲ ਰਹੇ ਹਨ, ਜਿਨ੍ਹਾਂ ਨੇ ਪੁਰਤਗਾਲੀ ਹਮਲਾਵਰਾਂ ਤੋਂ ਮੁਕਤੀ ਲਈ 10 ਲੱਖ ਤੋਂ ਵੱਧ ਲੋਕਾਂ ਨੂੰ ਇਕੱਠਾ ਕੀਤਾ ਸੀ। ਦੂਸਰੇ ਵਿਸ਼ਵ ਯੁੱਧ ਵੇਲੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਹੇ ਵਿੰਸਟਨ ਚਰਚਿਲ ਸੱਤ ਫ਼ੀਸਦੀ ਵੋਟਾਂ ਨਾਲ ਤੀਸਰੇ ਥਾਂ, ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਬਰਾਹਮ ਲਿੰਕਨ ਚੌਥੇ ਥਾਂ ਅਤੇ ਪੰਜਵੇਂ ਸਥਾਨ ਉੱਤੇ ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈੱਥ ਪਹਿਲੀ ਰਹੀ ਹੈ।

ਇਸ ਪੋਲ ਲਈ ਨਾਮਜ਼ਦਗੀਆਂ ਜਿਨ੍ਹਾਂ ਕੌਮਾਂਤਰੀ ਇਤਿਹਾਸਕਾਰਾਂ ਤੋਂ ਮੰਗੀਆਂ ਗਈਆਂ ਸਨ, ਉਨ੍ਹਾਂ ਵਿੱਚ ਮੈਥਿਊ ਲਾਕਵੁੱਡ, ਮਾਰਗਰੇਟ ਮਿਤਰਿਸ਼ੀਮਲਨ ਅਤੇ ਗਸ ਕੈਸਲੀ ਹੇਫੋਰਡ ਸ਼ਾਮਲ ਹਨ। ਰਣਜੀਤ ਸਿੰਘ ਦਾ ਨਾਂਅ ਲਾਕਵੁੱਡ ਨੇ ਪੇਸ਼ ਕੀਤਾ ਸੀ, ਜਿਹੜੇ ਯੂਨੀਵਰਸਿਟੀ ਆਫ਼ ਅਲਬਾਮਾ ਵਿੱਚ ਇਤਿਹਾਸ ਦੇ ਸਹਾਇਕ ਪ੍ਰੋਫੈਸਰ ਹਨ। ਵਿਸ਼ਵ ਇਤਿਹਾਸ ਦੇ ਸੀਨੀਅਰ 20 ਨੇਤਾਵਾਂ ਦੀ ਇਸ ਸੂਚੀ ਵਿੱਚ ਮੁਗਲ ਬਾਦਸ਼ਾਹ ਅਕਬਰ, ਫਰਾਂਸੀਸੀ ਫ਼ੌਜੀ ਨੇਤਾ ਜਾਨ ਆਫ ਆਰਕ ਅਤੇ ਰੂਸ ਦੀ ਮਹਾਰਾਣੀ ਕੈਥਰੀਨ ਦਾ ਗ੍ਰੇਟ ਵੀ ਸ਼ਾਮਲ ਹਨ।

ਪ੍ਰਸਿੱਧ ਇਤਿਹਾਸਕਾਰਾਂ ਦੀ ਬੀ ਬੀ ਸੀ ਵਰਲਡ ਹਿਸਟ੍ਰੀਜ਼ ਮੈਗਜ਼ੀਨ ਦੇ ਸੰਪਾਦਕ ਮੈਟ ਐਲਟਨ ਨੇ ਕਿਹਾ, 'ਸੂਚੀ ਵਿੱਚ ਸ਼ਾਮਲ ਹੋਰ ਨਾਵਾਂ ਵਾਂਗ ਬਹੁਤ ਜ਼ਿਆਦਾ ਪ੍ਰਸਿੱਧ ਨਾ ਹੋਣ ਦੇ ਬਾਵਜੂਦ ਇਸ ਪੋਲ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਜ਼ਬਰਦਸਤ ਜਿੱਤ ਦੱਸਦੀ ਹੈ ਕਿ ਉਨ੍ਹਾਂ ਦੀ ਅਗਵਾਈ ਵਾਲੀਆਂ ਖ਼ੂਬੀਆਂ 21ਵੀਂ ਸਦੀ ਵਿੱਚ ਵੀ ਦੁਨੀਆ ਦੇ ਲੋਕਾਂ ਨੂੰ ਪ੍ਰੇਰਿਤ ਕਰਦੀਆਂ ਹਨ। ਕੌਮਾਂਤਰੀ ਰਾਜਨੀਤਕ ਤਣਾਵਾਂ ਦੇ ਇਸ ਦੌਰ ਵਿੱਚ ਇਹ ਜਿੱਤ ਦੱਸਦੀ ਹੈ ਕਿ ਰਣਜੀਤ ਸਿੰਘ ਦੇ ਸ਼ਾਸਨ ਨੂੰ ਸਹਿਣਸ਼ੀਲਤਾ, ਆਜ਼ਾਦੀ ਤੇ ਸਹਿਯੋਗ ਦਾ ਆਦਰਸ਼ ਮੰਨਿਆ ਜਾਂਦਾ ਹੈ।' ਸ਼ੇਰੇ- ਪੰਜਾਬ ਵਜੋਂ ਪ੍ਰਸਿੱਧ ਰਣਜੀਤ ਸਿੰਘ ਨੇ ਆਰਥਿਕ ਅਤੇ ਰਾਜਨੀਤਕ ਬੇਯਕੀਨੀ ਦੇ ਦੌਰ ਵਿੱਚ ਸੱਤਾ ਸੰਭਾਲੀ ਸੀ। ਮੈਗਜ਼ੀਨ ਦੇ ਅਨੁਸਾਰ 19ਵੀਂ ਸਦੀ ਦੇ ਸ਼ੁਰੂ ਵਿੱਚ ਰਣਜੀਤ ਸਿੰਘ ਨੇ ਸਿੱਖ ਖ਼ਾਲਸਾ ਫ਼ੌਜ ਦਾ ਆਧੁਨਿਕੀਕਰਨ ਕੀਤਾ, ਸਥਾਨਕ ਤਰੀਕਿਆਂ ਤੇ ਸੰਸਥਾਵਾਂ ਨੂੰ ਛੱਡੇ ਬਿਨਾਂ ਪੱਛਮੀ ਤਰੀਕਿਆਂ ਨੂੰ ਅਪਣਾਇਆ, ਅਫ਼ਗਾਨਿਸਤਾਨ ਨਾਲ ਲੱਗਦੀ ਸਰਹੱਦ ਹੰਢਣਸਾਰ ਕੀਤੀ ਅਤੇ ਨਾਲ ਬ੍ਰਿਟੇਨ ਦੀ ਈਸਟ ਇੰਡੀਆ ਕੰਪਨੀ ਨਾਲ ਆਪਸੀ ਹਿੱਤਾਂ ਉੱਤੇ ਆਧਾਰਿਤ ਸ਼ਾਂਤੀ ਕਾਇਮ ਕੀਤੀ ਸੀ।

## ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਲਈ ਕੇਨੀ ਨੇ ਓਟੂਲੇ ਦੀ ਪਿੱਠ ਥਾਪੜੀ

...ਪੰਨਾ 1 ਦਾ ਬਾਕੀ

ਅਗਲੇ ਹਫਤੇ ਓਟੂਲੇ ਆਪਣੇ ਫੁੱਲ ਪਾਲਿਸੀ ਦਸਤਾਵੇਜ਼ ਦਾ ਖੁਲਾਸਾ ਕਰਨ ਜਾ ਰਹੇ ਹਨ। ਇਸ ਦੌਰਾਨ ਹਾਰਪਰ ਸਰਕਾਰ ਵਿੱਚ ਨਿਆਂ ਮੰਤਰੀ ਰਹਿ ਚੁੱਕੇ ਮੈਕੇਅ ਨੇ ਆਪਣੇ ਪਿਛਲੇ ਕੁੱਝ ਦਿਨ ਕੇਨੀ ਦੇ ਪ੍ਰੋਵਿੰਸ ਅਲਬਰਟਾ ਵਿੱਚ ਕੈਂਪੇਨਿੰਗ ਕਰਦਿਆਂ ਗੁਜ਼ਾਰੇ ਤੇ ਹੁਣ ਉਹ ਸ਼ੀਅਰ ਦੀ ਟੈਰੇਟਰੀ ਰੇਜਾਈਨਾ ਵਿੱਚ ਆਪਣੇ ਕੈਂਪੇਨ ਲੈ ਗਏ ਹਨ। ਇੱਥੇ ਉਹ ਰੇਜਾਈਨਾ ਚੇਂਬਰ ਆਫ ਕਾਮਰਸ ਵਿੱਚ ਭਾਸ਼ਣ ਦੇਣਗੇ।

ਜ਼ਿਕਰਯੋਗ ਹੈ ਕਿ ਹੁਣ ਤੱਕ ਸਿਰਫ ਮੈਕੇਅ ਤੇ ਓਟੂਲੇ ਹੀ ਰਸਮੀ ਤੌਰ ਉੱਤੇ ਲੀਡਰਸ਼ਿਪ ਦੌੜ ਲਈ ਮੈਦਾਨ ਵਿੱਚ ਹਨ। ਉਨ੍ਹਾਂ ਵੱਲੋਂ ਪਾਰਟੀ ਦੀਆਂ ਸ਼ਰਤਾਂ ਮੁਤਾਬਕ 300,000 ਡਾਲਰ ਦੀ ਫੀਸ ਤੇ 3,000 ਮੈਂਬਰਾਂ ਦੇ ਦਸਤਖ਼ਤ ਇੱਕਠੇ ਕਰ ਲਏ ਗਏ ਹਨ। ਛੇ ਹੋਰ ਉਮੀਦਵਾਰ ਅਜੇ ਵੀ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਉਨ੍ਹਾਂ ਕੋਲ ਅਜਿਹਾ ਕਰਨ ਲਈ 25 ਮਾਰਚ ਤੱਕ ਦਾ ਸਮਾਂ ਹੈ।

## 4 ਮਿਲੀਅਨ ਡਾਲਰ ਦੇ ਕਰਜ਼ੇ ਦੀ ਭਰਪਾਈ ਲਈ ਅਗਵਾ ਕੀਤਾ ਗਿਆ 14 ਸਾਲਾ ਲੜਕਾ : ਪੁਲਿਸ

...ਪੰਨਾ 1 ਦਾ ਬਾਕੀ

ਜਦੋਂ ਦੋ ਸਿਆਹ ਨਸਲ ਦੇ ਲੜਕਿਆਂ ਵੱਲੋਂ ਉਸ ਨੂੰ ਕਾਲੇ ਰੰਗ ਦੀ ਜੀਪ ਰੈਂਗਲਰ ਵਿੱਚ ਧੱਕ ਕੇ ਅੰਦਰ ਵਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਤਾਂ ਉਹ ਬਚਾਓ ਬਚਾਓ ਦਾ ਰੌਲਾ ਪਾ ਰਿਹਾ ਸੀ। ਜ਼ਲਾਯੇਮੀ ਨੂੰ ਫਿੰਚ ਐਵਨਿਊ ਵੈਸਟ ਤੇ ਡਰਿਫਟਵੁਡ ਐਵਨਿਊ ਏਰੀਆ ਵਿੱਚ ਕਾਰ ਵਿੱਚ ਧੱਕ ਕੇ ਲਿਜਾਇਆ ਗਿਆ। ਉਸ ਦੇ ਮਾਪਿਆਂ ਨੇ ਬੁੱਧਵਾਰ ਨੂੰ ਸ਼ਾਮੀਂ 5:30 ਵਜੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦਾ ਲੜਕਾ ਲਾਪਤਾ ਹੈ। ਟੋਰਾਂਟੋ ਪੁਲਿਸ ਦੇ ਸਟੀਵ ਵਾਟਸ ਨੇ ਵੀਰਵਾਰ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ ਸ਼ਾਮਾਹ ਨੂੰ ਨਸ਼ਿਆਂ ਸਬੰਧੀ ਚੜ੍ਹੇ ਕਰਜ਼ੇ ਨੂੰ ਵਸੂਲਣ ਲਈ ਹੀ ਅਗਵਾ ਕੀਤਾ ਗਿਆ ਹੈ। ਜਾਂਚਕਾਰਾਂ ਦਾ ਮੰਨਣਾ ਹੈ ਕਿ ਸ਼ਾਮਾਹ ਦਾ ਭਰਾ ਕਈ ਕਿੱਲੋ ਕੋਕੀਨ ਦੀ ਵਰਤੋਂ ਲਈ ਆਪਣੇ ਸਿਰ ਕਰਜ਼ਾ ਝੜਾ ਬੈਠਿਆ ਹੈ ਤੇ ਹੁਣ ਜੀਟੀਏ ਤੋਂ ਫਰਾਰ ਹੈ।

ਪੁਲਿਸ ਨੇ ਦੱਸਿਆ ਕਿ ਅਗਵਾਕਾਰਾਂ ਨਾਲ ਗੱਲ ਜ਼ਰੂਰ ਹੋਈ ਸੀ ਪਰ ਵਿਸਥਾਰ ਨਾਲ ਨਹੀਂ ਹੋ ਸਕੀ। ਵਾਟਸ ਨੇ ਆਖਿਆ ਕਿ ਮਾਮਲਾ ਚਾਰ ਮਿਲੀਅਨ ਡਾਲਰ ਦੀ ਵਸੂਲੀ ਦਾ ਹੈ। ਉਨ੍ਹਾਂ ਆਖਿਆ ਕਿ ਜਿਸ ਗੱਡੀ ਵਿੱਚ ਲੜਕੇ ਨੂੰ ਅਗਵਾ ਕੀਤਾ ਗਿਆ ਉਹ ਵੀਰਵਾਰ ਸਵੇਰੇ ਕ੍ਰੈਡਿਟ ਪ੍ਰੋਵਿੰਸ਼ੀਅਲ ਪਾਰਕ ਕੇਲਡਨ, ਓਨਟਾਰੀਓ ਤੋਂ ਸੜੀ ਹੋਈ ਮਿਲੀ। ਚਸ਼ਮਦੀਦਾਂ ਨੇ ਦੱਸਿਆ ਕਿ ਵੀਰਵਾਰ ਨੂੰ ਜਿਹੜੀ ਗੱਡੀ ਉਨ੍ਹਾਂ ਪਾਰਕ ਦੇ ਬਾਹਰ ਵੇਖੀ ਉਸ ਦਾ ਹੂ-ਬ-ਹੂ ਵੇਰਵਾ ਅਗਵਾਕਾਰਾਂ ਦੀ ਗੱਡੀ ਨਾਲ ਮੇਲ ਖਾਂਦਾ ਸੀ।

### ਟੋਰਾਂਟੋ ਵਿੱਚ ਕੀਤਾ ਗਿਆ ਸੀ ਐਂਬਰ ਐਲਰਟ



ਇਸ ਤੋਂ ਪਹਿਲਾਂ 14 ਸਾਲਾ ਲੜਕੇ ਦੇ ਲਾਪਤਾ ਹੋਣ ਦੇ ਸਬੰਧ ਵਿੱਚ ਟੋਰਾਂਟੋ ਪੁਲਿਸ ਸਰਵਿਸ ਵੱਲੋਂ ਐਂਬਰ ਅਲਰਟ ਜਾਰੀ ਕੀਤਾ ਗਿਆ ਸੀ।

ਪੁਲਿਸ ਦਾ ਕਹਿਣਾ ਸੀ ਕਿ ਸ਼ਾਮਾਹ ਜੋਲਾਯੇਮੀ ਨਾਮਕ ਇਸ ਲੜਕੇ ਨੂੰ ਕਥਿਤ ਤੌਰ ਉੱਤੇ ਨੌਰਥ ਯੌਰਕ ਵਿੱਚ ਜੇਨ ਸਟਰੀਟ ਤੇ ਡਰਿਫਟਵੁਡ ਐਵਨਿਊ ਇਲਾਕੇ ਵਿੱਚੋਂ ਅਗਵਾ ਕਰ ਲਏ ਜਾਣ ਤੋਂ ਬਾਅਦ ਆਖਰੀ ਵਾਰੀ ਬੁੱਧਵਾਰ ਨੂੰ ਸਵੇਰੇ 8:25 ਉੱਤੇ ਵੇਖਿਆ ਗਿਆ ਸੀ। ਪੁਲਿਸ ਨੇ ਆਖਿਆ ਕਿ ਉਹ ਲੜਕੇ ਦੀ ਸੇਫਟੀ ਨੂੰ ਲੈ ਕੇ ਕਾਫੀ ਚਿੰਤਤ ਹਨ।

ਲੜਕੇ ਦਾ ਕੱਦ ਛੇ ਫੁੱਟ, ਵਜ਼ਨ 140 ਪਾਊਂਡ, ਅੱਖਾਂ ਦਾ ਰੰਗ ਭੂਰਾ ਤੇ ਵਾਲ ਨਿੱਕੇ ਤੇ ਕਾਲੇ ਦੱਸੇ ਜਾਂਦੇ ਹਨ। ਉਸ ਨੂੰ ਆਖਰੀ ਵਾਰੀ ਗ੍ਰੇਅ ਰੰਗ ਦੀ ਹੁੱਡ ਵਾਲੀ ਸਵੈਟਸ਼ਰਟ, ਗ੍ਰੇਅ ਟਰੈਕ ਪੈਂਟਸ (ਜਿਨ੍ਹਾਂ ਉੱਤੇ ਸੰਤਰੀ ਰੰਗ ਦੀਆਂ ਧਾਰੀਆਂ ਹਨ), ਕਾਲੇ ਤੇ ਪੀਲੇ ਰੰਗ ਦੇ ਜੌਰਡਨ ਸਨੀਕਰਜ਼ ਦੇ ਨਾਲ ਕਾਲੇ ਰੰਗ ਦੀ ਪਫੀ ਵਿੰਟਰ ਜੈਕੇਟ ਪਾਇਆਂ ਵੇਖਿਆ ਗਿਆ ਸੀ।

ਉਸ ਕੋਲ ਲਾਲ ਤੇ ਕਾਲੇ ਰੰਗ ਦਾ ਐਡੀਡਾਸ ਦਾ ਬੈਕਪੈਕ ਵੀ ਦੱਸਿਆ ਜਾਂਦਾ ਹੈ। ਪੁਲਿਸ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਇੱਕ ਸ਼ੱਕੀ ਗੱਡੀ ਵੀ ਵੇਖੀ ਗਈ ਸੀ ਜਿਸ ਵਿੱਚ ਮੰਨਿਆ ਜਾ ਰਿਹਾ ਹੈ ਕਿ ਇਸ ਲੜਕੇ ਨੂੰ ਅਗਵਾ ਕੀਤਾ ਗਿਆ ਹੋਵੇ। ਇਸ ਨੂੰ ਨਵੇਂ ਮਾਡਲ ਦੀ ਕਾਲੀ ਜੀਪ ਰੈਂਗਲਰ ਦੱਸਿਆ ਜਾ ਰਿਹਾ ਹੈ ਜਿਸ ਦੇ ਸਾਹਮਣੇ ਵਾਲੇ ਟਾਇਰ ਕਾਫੀ ਵੱਡੇ ਸਨ, ਸ਼ੀਸ਼ੇ ਵੀ ਸਿਆਹ ਸਨ ਤੇ ਸਾਹਮਣੇ ਵਾਲੇ ਪਾਸੇ ਫੌਗ ਲਾਈਟਸ ਲੱਗੀਆਂ ਹੋਈਆਂ ਸਨ। ਇਸ ਉੱਤੇ ਕੋਈ ਲਾਇਸੰਸ ਪਲੇਟ ਨਹੀਂ ਸੀ।

ਮਸ਼ਕੂਕਾਂ ਬਾਰੇ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਉਹ ਦੋ ਸਿਆਹ ਨਸਲ ਦੇ ਪੁਰਸ਼ ਸਨ ਜਿਨ੍ਹਾਂ ਨੇ ਕਾਲੇ ਰੰਗ ਦੀਆਂ ਜੈਕੇਟਸ ਤੇ ਸਿਰਾਂ ਉੱਤੇ ਬੈਨਡੈਨਾਜ਼ ਪਾਏ ਹੋਏ ਸਨ। ਇਹ ਮਸ਼ਕੂਕ 18 ਤੋਂ 22 ਸਾਲ ਦਰਮਿਆਨ ਮੰਨੇ ਜਾ ਰਹੇ ਹਨ।

## ਓਨਟਾਰੀਓ ਵਿੱਚ ਕੋਵਿਡ-19 ਦੇ ਤਿੰਨ ਹੋਰ ਮਾਮਲੇ ਆਏ ਸਾਹਮਣੇ, ਕੁੱਲ ਗਿਣਤੀ ਹੋਈ 23

...ਪੰਨਾ 1 ਦਾ ਬਾਕੀ

ਇਨ੍ਹਾਂ ਤਿੰਨ ਨਵੇਂ ਮਰੀਜ਼ਾਂ ਵਿੱਚ ਇੱਕ ਮਹਿਲਾ ਸ਼ਾਮਲ ਹੈ ਜਿਹੜੀ ਆਪਣੇ 50ਵਿਆਂ ਵਿੱਚ ਹੈ ਤੇ ਜਿਹੜਾ 3 ਮਾਰਚ ਨੂੰ ਇਟਲੀ ਤੋਂ ਘਰ ਪਰਤੀ ਹੈ। ਉਹ ਕਿਚਨਰ ਸਥਿਤ ਗ੍ਰੈਂਡ ਰਿਵਰ ਹਸਪਤਾਲ ਦੇ ਐਮਰਜੰਸੀ ਰੂਮ ਪਹੁੰਚੀ, ਜਿੱਥੇ ਉਸ ਦੀ ਜਾਂਚ ਕੀਤੀ ਗਈ ਤੇ ਉਸੇ ਦਿਨ ਹੀ ਉਸ ਨੂੰ ਛੁੱਟੀ ਦੇ ਦਿੱਤੀ ਗਈ।

ਅਧਿਕਾਰੀਆਂ ਨੇ ਦੱਸਿਆ ਕਿ ਇਸ ਮਹਿਲਾ ਵਿੱਚ ਮਾਮੂਲੀ ਲੱਛਣ ਪਾਏ ਗਏ ਹਨ ਤੇ ਉਹ ਘਰ ਵਿੱਚ ਹੀ ਅਲੱਗ ਥਲੱਗ ਰਹਿ ਰਹੀ ਹੈ ਤੇ ਉਸ ਦਾ ਹੋਰਨਾਂ ਨਾਲ ਵੀ ਮਾਮੂਲੀ ਸੰਪਰਕ ਸੀ। ਨਿਊਜ਼ ਰਲੀਜ਼ ਵਿੱਚ ਆਖਿਆ ਗਿਆ ਕਿ ਰੀਜਨ ਆਫ ਵਾਟਰਲੂ ਪਬਲਿਕ ਹੈਲਥ ਬੜੀ ਬਾਰੀਕੀ ਨਾਲ ਹਾਲਾਤ ਉੱਤੇ ਨਜ਼ਰ ਰੱਖ ਰਿਹਾ ਹੈ ਤੇ ਮਹਿਲਾ ਨਾਲ ਸੰਪਰਕ ਕਰਨ ਵਾਲਿਆਂ ਦੀ ਵੀ ਭਾਲ ਕੀਤੀ ਜਾ ਰਹੀ ਹੈ।

ਦੂਜਾ ਵਿਅਕਤੀ ਆਪਣੇ 60ਵਿਆਂ ਵਿੱਚ ਹੈ, ਜਿਹੜਾ 29 ਫਰਵਰੀ ਨੂੰ ਇਰਾਨ ਤੋਂ ਪਰਤਿਆ ਸੀ। ਉਹ 3 ਮਾਰਚ ਨੂੰ ਸਨੀਬਰੁੱਕ ਹੈਲਥ ਸਾਇੰਸਿਜ਼ ਸੈਂਟਰ ਦੇ ਐਮਰਜੰਸੀ ਡਿਪਾਰਟਮੈਂਟ ਪਹੁੰਚਿਆ ਸੀ। ਉਸ ਦੀ ਜਾਂਚ ਕਰਨ ਤੋਂ ਬਾਅਦ ਉਸ ਨੂੰ ਵੀ ਉਸੇ ਦਿਨ ਘਰ ਭੇਜ ਦਿੱਤਾ ਗਿਆ। ਹੁਣ ਉਹ ਘਰ ਵਿੱਚ ਸਾਰਿਆਂ ਤੋਂ ਅਲੱਗ ਥਲੱਗ ਹੋ ਕੇ ਰਹਿ ਰਿਹਾ ਹੈ। ਟੋਰਾਂਟੋ ਪਬਲਿਕ ਹੈਲਥ ਮਾਮਲੇ ਦੀ ਨਿਗਰਾਨੀ ਕਰ ਰਹੀ ਹੈ।

ਤੀਜਾ ਵਿਅਕਤੀ ਵੀ ਆਪਣੇ 60ਵਿਆਂ ਵਿੱਚ ਹੈ ਤੇ ਮਿਸੀਸਾਗਾ ਤੋਂ ਹੈ। ਉਸ ਨੇ ਆਪਣੀ ਜਾਂਚ ਟ੍ਰਿਲੀਅਮ ਹੈਲਥ ਪਾਰਟਨਰਜ਼ ਮਿਸੀਸਾਗਾ ਦੇ ਹਸਪਤਾਲ ਤੋਂ ਕਰਵਾਈ। ਪੀਲ ਰੀਜਨਲ ਹੈਲਥ ਅਧਿਕਾਰੀਆਂ ਨੇ ਦੱਸਿਆ ਕਿ ਇਹ ਉਨ੍ਹਾਂ ਦੇ ਰੀਜਨ ਦਾ ਪਹਿਲਾ ਪਾਜ਼ੀਟਿਵ ਮਾਮਲਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉਹ 11 ਫਰਵਰੀ ਤੋਂ 21 ਫਰਵਰੀ ਤੱਕ ਸੈਨ ਫਰਾਂਸਿਸਕੋ ਦੇ ਬਾਹਰ ਗ੍ਰੈਂਡ ਪ੍ਰਿੰਸੈਸ ਕਰੂਜ਼ ਸ਼ਿਪ ਵਿੱਚ ਸੀ ਤੇ 28 ਫਰਵਰੀ ਨੂੰ ਹੀ ਕੈਨੇਡਾ ਪਰਤਿਆ ਹੈ। ਇਸ ਵਿਅਕਤੀ ਦੀ ਜਾਂਚ 4 ਮਾਰਚ ਨੂੰ ਟ੍ਰਿਲੀਅਮ ਹੈਲਥ ਪਾਰਟਨਰਜ਼ ਵਿੱਚ ਕੀਤੀ ਗਈ। ਪੀਲ ਰੀਜਨ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ. ਜੈਸਿਕਾ ਹੌਪਕਿੰਜ਼ ਨੇ ਦੱਸਿਆ ਕਿ ਇਸ ਵਿਅਕਤੀ ਵਿੱਚ ਕੋਵਿਡ-19 ਦੇ ਲੱਛਣ ਪਾਏ ਗਏ ਹਨ ਤੇ ਹੁਣ ਅਸੀਂ ਉਨ੍ਹਾਂ ਲੋਕਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਜਿਹੜੇ ਇਸ ਦੇ ਸੰਪਰਕ ਵਿੱਚ ਆਏ ਹੋਣਗੇ। ਅਧਿਕਾਰੀਆਂ ਨੇ ਦੱਸਿਆ ਕਿ ਇਹ ਵਿਅਕਤੀ ਠੀਕ ਹੋ ਰਿਹਾ ਹੈ ਤੇ ਘਰ ਵਿੱਚ ਹੀ ਅਲੱਗ ਥਲੱਗ ਹੈ।

## ਪੱਤਰਕਾਰਾਂ ਦੀ ਸੁਰੱਖਿਆ ਲਈ ਐਕਟ ਬਣਾਉਣ ਦੀ ਮੰਗ

ਚੰਡੀਗੜ੍ਹ, 5 ਮਾਰਚ (ਪੋਸਟ ਬਿਊਰੋ)- ਇੰਡੀਅਨ ਜਨਰਲਿਸਟਸ ਯੂਨੀਅਨ (ਆਈ ਜੇ ਯੂ) ਦੀ ਕੌਮੀ ਕਾਰਜਕਾਰਨੀ ਨੇ ਪੱਤਰਕਾਰਾਂ ਅਤੇ ਖਾਸ ਕਰਕੇ ਦਿੱਲੀ ਅਤੇ ਦੇਸ਼ ਦੇ ਉੱਤਰ-ਪੂਰਬੀ ਰਾਜਾਂ ਵਿੱਚ ਸੰਵਿਧਾਨ ਸੋਧ ਐਕਟ ਦੇ ਸਮੱਰਥਕਾਂ ਤੇ ਵਿਰੋਧੀਆਂ ਦੀਆਂ ਝੜਪਾਂ ਦੌਰਾਨ ਹੋਏ ਹਮਲਿਆਂ ਦੀ ਸਖ਼ਤ ਨਿੰਦਾ ਕਰਦਿਆਂ ਪੱਤਰਕਾਰਾਂ ਦੀ ਸੁਰੱਖਿਆ ਲਈ ਐਕਟ ਬਣਾਉਣ ਦੀ ਮੰਗ ਕੀਤੀ ਹੈ। ਆਈ ਜੇ ਯੂ ਦੀ ਕੌਮੀ ਕਾਰਜਕਾਰਨੀ ਦੀ ਲਖਨਊ ਵਿੱਚ 29 ਫਰਵਰੀ ਤੇ ਪਹਿਲੀ ਮਾਰਚ ਨੂੰ ਹੋਈ ਦੋ ਰੋਜ਼ਾ ਮੀਟਿੰਗ ਵਿੱਚ ਇਸ ਮੱਦੇ 'ਤੇ ਨਿੰਦਾ ਮਤਾ ਵੀ ਪਾਸ ਕੀਤਾ ਗਿਆ।

ਇਸ ਸੰਬੰਧ ਵਿੱਚ ਆਈ ਜੇ ਯੂ ਦੇ ਪ੍ਰਧਾਨ ਸ੍ਰੀਨਿਵਾਸ ਰੈਂਡੀ ਅਤੇ ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ ਨੇ ਕਿਹਾ ਕਿ ਦਿੱਲੀ ਹਿੰਸਾ ਦੌਰਾਨ ਹੋਏ ਹਮਲਿਆਂ ਵਿੱਚ ਕਈ ਪੱਤਰਕਾਰ ਜ਼ਖ਼ਮੀ ਹੋਏ ਹਨ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਐਕਟ ਬਣਾਇਆ ਜਾਵੇ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Karam Singh Punia, Gyan Singh; Angrej Singh
Office Admin: Priya Dhillon
Graphic Designer: Priya Dhillon
Photographer: Kanwaljit Singh Kanwal
Distributer: Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮੱਧ ਪ੍ਰਦੇਸ਼ ਵਿੱਚ ਕਮਲ ਨਾਥ ਦੀ ਸਰਕਾਰ ਲਈ ਖਤਰਾ ਵਧਿਆ

* ਕਾਂਗਰਸ ਵਿਧਾਇਕ ਹਰਦੀਪ ਸਿੰਘ ਡੰਗ ਵੱਲੋਂ ਅਸਤੀਫ਼ਾ



ਭੋਪਾਲ, 5 ਮਾਰਚ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਮੱਧ ਪ੍ਰਦੇਸ਼ ਵਿਚਲੀ ਕਮਲਨਾਥ ਸਰਕਾਰ ਉੱਤੇ ਚਾਰ ਦਿਨਾਂ ਤੋਂ ਛਾਏ ਸੰਕਟ ਦੇ ਬੱਦਲ ਅੱਜ ਵਧ ਗਏ ਜਾਪਦੇ ਹਨ। ਬੈਂਗਲੁਰੂ ਭੇਜੇ ਗਏ ਕਾਂਗਰਸ ਦੇ ਤਿੰਨ ਵਿਧਾਇਕ (ਬਿਸਾਹੂ ਲਾਲ ਸਿੰਘ, ਰਘੁਰਾਜ ਸਿੰਘ ਕੰਸ਼ਾਨਾ ਅਤੇ ਹਰਦੀਪ ਸਿੰਘ ਡੰਗ) ਤੇ ਆਜ਼ਾਦ ਵਿਧਾਇਕ ਸੁਰਿੰਦਰ ਸਿੰਘ ਸ਼ੇਰਾ ਦੇ ਅੱਜ ਭੋਪਾਲ ਪਹੁੰਚਣ ਦੀ ਸੰਭਾਵਨਾ ਸੀ, ਪਰ ਉਹ ਨਹੀਂ ਆਏ, ਉਲਟਾ ਕਾਂਗਰਸ ਵਿਧਾਇਕ ਹਰਦੀਪ ਸਿੰਘ ਡੰਗ ਨੇ ਵਿਧਾਨ ਸਭਾ ਦੇ ਸਪੀਕਰ ਐੱਨ ਪੀ ਪਰਜਾਪਤੀ ਅਤੇ ਮੁੱਖ ਮੰਤਰੀ ਕਮਲਨਾਥ ਨੂੰ ਅਸਤੀਫ਼ਾ ਭੇਜ ਦਿੱਤਾ ਹੈ।

ਇਸ ਦੌਰਾਨ ਰਾਜ ਸਰਕਾਰ ਨੇ ਪੁਲਸ ਦੇ ਮੁਖੀ (ਡੀ ਜੀ ਪੀ) ਵੀ ਕੇ ਸਿੰਘ ਨੂੰ ਹਟਾ ਕੇ ਵਿਵੇਕ ਜੌਹਰੀ ਨੂੰ ਨਵਾਂ ਡੀ ਜੀ ਪੀ ਬਣਾ ਦਿੱਤਾ ਹੈ। ਸਰਕਾਰ ਉੱਤੇ ਸੰਕਟ ਤੋਂ ਬਾਅਦ ਇਕ ਵਾਰ ਫਿਰ ਭਾਜਪਾ ਪੂਰੀ ਤਿਆਰੀ ਨਾਲ ਹਮਲਾ ਬੋਲ ਸਕਦੀ ਹੈ, ਜਿਸ ਲਈ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਪਿਛਲੇ 24 ਘੰਟਿਆਂ ਤੋਂ ਦਿੱਲੀ ਡੇਰਾ ਲਾਈ ਬੈਠੇ ਹਨ ਤੇ ਭਾਜਪਾ ਦੇ ਇਹੋ ਜਿਹੇ ਕੰਮਾਂ ਦੇ ਪ੍ਰਬੰਧਕ ਮੰਨੇ ਜਾਂਦੇ ਨੇਤਾ ਅਰਵਿੰਦ ਭਦੌਰੀਆ ਸਿਆਸੀ ਸੰਗਰਾਮ ਲਈ ਬੈਂਗਲੁਰੂ ਪਹੁੰਚ ਗਏ ਹਨ। ਉਨ੍ਹਾਂ ਦੀ ਰਾਜਨੀਤੀ ਕਾਰਨ ਹੀ ਵਿਧਾਇਕਾਂ ਦੇ ਅਸਤੀਫ਼ਿਆਂ ਦੀ ਚਰਚਾ ਸ਼ੁਰੂ ਹੋਈ ਹੈ।

ਦੂਸਰੇ ਪਾਸੇ ਮੁੱਖ ਮੰਤਰੀ ਕਮਲਨਾਥ ਨੇ ਸਥਿਤੀ ਸੰਭਾਲਣੀ ਸ਼ੁਰੂ ਕਰ ਦਿੱਤੀ ਤੇ ਨਾਰਾਜ਼ ਵਿਧਾਇਕਾਂ ਨੂੰ ਖ਼ੁਦ ਮਨਾ ਰਹੇ ਹਨ। ਵਿਧਾਨ ਸਭਾ ਵਿੱਚ ਮੈਂਬਰਾਂ ਦੀ ਗਿਣਤੀ 228 ਵਿੱਚੋਂ 114 ਮੈਂਬਰਾਂ ਵਾਲੀ ਕਾਂਗਰਸ ਦੇ ਇੱਕ ਮੈਂਬਰ ਹਰਦੀਪ ਸਿੰਘ ਦਾ ਅਸਤੀਫ਼ਾ ਸਵੀਕਾਰ ਕਰਨ ਪਿੱਛੋਂ 113 ਮੈਂਬਰ ਬਚਣਗੇ ਅਤੇ ਇਸ ਵਕਤ ਦੇ 227 ਮੈਂਬਰਾਂ ਦੇ ਸਦਨ ਵਿੱਚ ਭਾਜਪਾ ਆਪਣੇ 107 ਅਤੇ ਹੋਰਨਾਂ ਦੀ ਹਮਾਇਤ ਨਾਲ 114 ਤਕ ਪਹੁੰਚ ਸਕਦੀ ਹੈ।

ਜਿਹੜੇ ਵਿਧਾਇਕਾਂ ਬਾਰੇ ਕਾਂਗਰਸ ਪਾਰਟੀ ਖ਼ਰੀਦ-ਫਰੋਖ਼ਤ ਕਰਨ ਦਾ ਦੋਸ਼ ਭਾਜਪਾ ਉੱਤੇ ਲਾ ਰਹੀ ਸੀ, ਉਨ੍ਹਾਂ ਨੇ ਅੱਜ ਕਾਂਗਰਸ ਆਗੂਆਂ ਅਤੇ ਕੈਬਨਿਟ ਮੰਤਰੀ ਜੀਤੂ ਪਟਵਾਰੀ ਅਤੇ ਜੈਵਰਧਨ ਸਿੰਘ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਐਵੇਂ ਬਿਆਨ ਨਾ ਦੇਈ ਜਾਣ। ਬਸਪਾ ਵਿਧਾਇਕ ਸੰਜੀਵ ਸਿੰਘ ਕੁਸ਼ਵਾਹਾ ਨੇ ਕਿਹਾ ਕਿ ਕਾਂਗਰਸ ਦੇ ਮੰਤਰੀ ਸੁਧਰ ਜਾਣ ਨਹੀਂ ਤਾਂ ਅਗਲੀ ਵਾਰ ਬਚਾਅ ਦਾ ਮੌਕਾ ਨਹੀਂ ਮਿਲੇਗਾ।

ਇਸ ਤੋਂ ਪਹਿਲਾਂ ਮੰਗਲਵਾਰ ਰਾਤ ਰਾਜਨੀਤਕ ਡਰਾਮਾ ਓਦੋਂ ਸ਼ੁਰੂ ਹੋਇਆ, ਜਦੋਂ ਮੱਧ ਪ੍ਰਦੇਸ਼ ਵਿੱਚ ਕਾਂਗਰਸ, ਬਸਪਾ ਅਤੇ ਸਮਾਜਵਾਦੀ ਪਾਰਟੀ ਦੇ 9 ਵਿਧਾਇਕ ਅਚਾਨਕ ਗਾਇਬ ਹੋ ਗਏ। ਇਨ੍ਹਾਂ ਵਿੱਚੋਂ ਪੰਜਾਂ ਨੂੰ ਬੁੱਧਵਾਰ ਦੇਰ ਰਾਤ ਭੋਪਾਲ ਵਾਪਸ ਲਿਆਂਦਾ ਗਿਆ, ਪਰ ਚਾਰ ਵਿਧਾਇਕ ਹਾਲੇ ਤੱਕ ਨਹੀਂ ਮਿਲੇ।

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਦਿੱਲੀ ਦੰਗਿਆਂ ਤੋਂ ਸਬਕ ਸਿੱਖਣ ਦੀ ਲੋੜ

-ਪ੍ਰਕਾਸ਼ ਸਿੰਘ-



ਦਿੱਲੀ ਦੇ ਦੰਗਿਆਂ 'ਤੇ ਕਾਬੂ ਪਾ ਲਿਆ ਗਿਆ ਹੈ ਪਰ ਇੱਕ ਭਾਰੀ ਕੀਮਤ ਅਦਾ ਕਰਨ ਨਾਲ। ਇਨ੍ਹਾਂ ਦੰਗਿਆਂ ਦੀ ਭੇਟ 45 ਤੋਂ ਵੱਧ ਵਿਅਕਤੀ ਚੜ੍ਹ ਗਏ ਤੇ ਕਿੰਨੇ ਹੀ ਲੋਕਾਂ ਦੀ ਜਾਇਦਾਦ ਅਤੇ ਕਾਰੋਬਾਰ ਨੂੰ ਨੁਕਸਾਨ ਹੋਇਆ। ਕੁਝ ਨੂੰ ਹਿਜਰਤ ਵੀ ਕਰਨੀ ਪਈ। ਪੁਲਸ ਨੇ 900 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 254 ਐਫ ਆਈ ਆਰ ਦਰਜ ਕੀਤੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਵਿੱਚ 41 ਆਰਮਜ਼ ਐਕਟ ਤਹਿਤ ਹਨ। ਇੰਨੇ ਵੱਡੇ ਪੈਮਾਨੇ 'ਤੇ ਦੰਗਾ ਹੋਣਾ ਦਿੱਲੀ ਅਤੇ ਭਾਰਤ ਸਰਕਾਰ ਦੋਵਾਂ ਲਈ ਹੀ ਸ਼ਰਮ ਵਾਲੀ ਗੱਲ ਹੈ।

ਸਭ ਤੋਂ ਵੱਧ ਬੇਇੱਜ਼ਤੀ ਦਿੱਲੀ ਪੁਲਸ ਦੀ ਹੋਈ। ਇਨ੍ਹਾਂ ਦੰਗਿਆਂ 'ਤੇ ਬਹੁਤ ਕੁਝ ਕਿਹਾ-ਲਿਖਿਆ ਗਿਆ ਹੈ। ਮੈਂ ਤਿੰਨ ਖ਼ਾਸ ਪਹਿਲੂਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹਾਂਗਾ। ਪਹਿਲਾ ਇਹ ਕਿ ਦੰਗੇ ਕਿਉਂ ਹੋਏ? ਦੂਜਾ, ਦੰਗਿਆਂ ਲਈ ਕਿਸ ਦੀ ਜ਼ਿੰਮੇਵਾਰੀ ਬਣਦੀ ਹੈ ਤੇ ਤੀਜਾ ਕੀ ਇਸ ਦੀ ਤੁਲਨਾ 1984 ਦੇ ਦੰਗਿਆਂ ਨਾਲ ਕਰਨੀ ਸਹੀ ਹੋਵੇਗੀ? ਫਿਰਕੂ ਦੰਗੇ ਭਾਰਤ ਦੇ ਇਤਿਹਾਸ ਨਾਲ ਜੁੜੇ ਹੋਏ ਹਨ। ਸਮੇਂ-ਸਮੇਂ 'ਤੇ ਵੱਖ-ਵੱਖ ਇਲਾਕਿਆਂ ਵਿੱਚ ਵੱਖ-ਵੱਖ ਕਾਰਨਾਂ ਕਾਰਨ ਅਕਸਰ ਚੰਗਿਆੜੀ ਭੜਕ ਹੀ ਜਾਂਦੀ ਹੈ। ਦੁੱਖ ਦੀ ਗੱਲ ਹੈ ਕਿ ਸਾਡੇ ਹੁਕਮਰਾਨਾਂ ਨੇ ਅਜੇ ਤੱਕ ਦੰਗਿਆਂ ਨਾਲ ਨਜਿੱਠਣ ਦਾ ਢੰਗ ਨਹੀਂ ਸਿੱਖਿਆ। ਅਜਿਹੇ ਵਿੱਚ ਜਦੋਂ ਸਮਾਜ ਦਾ ਇੱਕ ਵਰਗ ਇਹ ਕਹਿੰਦਾ ਹੈ ਕਿ 'ਦੰਗੇ ਹੁੰਦੇ ਨਹੀਂ, ਕਰਵਾਏ ਜਾਂਦੇ ਹਨ' ਤਾਂ ਉਨ੍ਹਾਂ ਦੀ ਗੱਲ 'ਤੇ ਯਕੀਨ ਨਾ ਕਰਨ ਦਾ ਕੋਈ ਕਾਰਨ ਦਿਖਾਈ ਨਹੀਂ ਦਿੰਦਾ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਦਿੱਲੀ ਦੰਗਿਆਂ ਦੇ ਬੀਜ ਦਿੱਲੀ ਦੀਆਂ ਤਾਜ਼ਾ ਵਿਧਾਨ ਸਭਾ ਚੋਣਾਂ ਦੌਰਾਨ ਬੀਜੇ ਗਏ ਸਨ। ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨੇ ਗ਼ੈਰ-ਜ਼ਿੰਮੇਵਾਰਾਨਾ ਬਿਆਨ ਦਿੱਤੇ ਜਾਂ ਇਵੇਂ ਕਹੋ ਕਿ ਖੁੱਲ੍ਹ ਕੇ ਜ਼ਹਿਰ ਉਗਲਿਆ। ਸਿਆਸਤ ਦਾ ਪੱਧਰ ਅਤੇ ਉਹ ਵੀ ਦਿੱਲੀ ਵਿੱਚ ਜਿੱਥੇ ਸਭ ਤੋਂ ਵੱਧ ਪੜ੍ਹੇ-ਲਿਖੇ ਲੋਕ ਹਨ, ਕਿੰਨਾ ਡਿੱਗ ਸਕਦਾ ਹੈ, ਇਹ ਦੇਖਣ ਨੂੰ ਮਿਲਿਆ। ਚੋਣ ਕਮਿਸ਼ਨ ਤੋਂ ਆਸ ਕੀਤੀ ਜਾਂਦੀ ਹੈ ਕਿ ਅਜਿਹੇ ਲੋਕਾਂ ਨੂੰ ਨੱਥ ਪਾਵੇ ਤੇ ਉਨ੍ਹਾਂ ਉਤੇ ਬਣਦੀ ਕਾਰਵਾਈ ਕਰੇ। ਕੁਝ ਕਾਰਵਾਈ ਜ਼ਰੂਰ ਹੋਈ ਪਰ ਉਹ ਗੋਂਗਲੂਆਂ ਤੋਂ ਮਿੱਟੀ ਝਾੜਨ ਦੇ ਬਰਾਬਰ ਸੀ। ਉਸ ਨੂੰ ਬਿਲਕੁਲ ਪ੍ਰਭਾਵਸ਼ਾਲੀ ਨਹੀਂ ਕਿਹਾ ਜਾ ਸਕਦਾ।

ਭਾਰਤ ਵਿੱਚ 'ਹੇਟ ਸਪੀਚ' ਦੇਣਾ ਫ਼ੈਸ਼ਨ ਬਣ ਗਿਆ ਹੈ। ਇੱਕ ਕੇਂਦਰੀ ਮੰਤਰੀ ਆਏ ਦਿਨ ਫਜ਼ੂਲ ਬੋਲਦੇ ਰਹਿੰਦੇ ਹਨ, ਉਨ੍ਹਾਂ ਦੀ ਜ਼ੁਬਾਨ ਬੇਲਗਾਮ ਹੈ। ਪਾਰਟੀ ਲੀਡਰਸ਼ਿਪ ਦੀ ਚੇਤਾਵਨੀ ਪਿੱਛੋਂ ਵੀ ਉਨ੍ਹਾਂ 'ਤੇ ਅਸਰ ਨਹੀਂ ਹੁੰਦਾ। ਇੱਕ ਸਾਧਵੀ ਮੂਰਖਤਾ ਪੂਰਨ ਬਿਆਨ ਦੇਣ ਤੋਂ ਨਹੀਂ ਰਹਿੰਦੀ। ਅਸਦੁੱਦੀਨ ਓਵੈਸੀ ਦੀ ਪਾਰਟੀ ਵਿੱਚ ਵੀ ਬੜਬੋਲੇ ਨੇਤਾ ਹਨ। ਉਹ ਹਿੰਦੂਆਂ ਨੂੰ ਨੇਸਤਾਨਾਬੂਦ ਕਰਨ ਦੀ ਧਮਕੀ ਦਿੰਦੇ ਹਨ। ਮੁੱਖ ਮੰਤਰੀ ਪੱਧਰ 'ਤੇ ਵੀ ਅਜੀਬ ਬਿਆਨ ਸੁਣਨ ਨੂੰ ਮਿਲਦੇ ਹਨ। ਇੱਕ ਮੁੱਖ ਮੰਤਰੀ ਨੇ ਜਾਮੀਆਂ ਵਿੱਚ ਪੁਲਸ ਕਾਰਵਾਈ ਦੀ ਤੁਲਨਾ ਜਲਿਆਂਵਾਲਾ ਬਾਗ਼ ਨਾਲ ਕੀਤੀ ਸੀ। ਇੱਕ ਹੋਰ ਮੁੱਖ ਮੰਤਰੀ ਨੇ ਪਿੱਛੇ ਜਿਹੇ ਕਿਹਾ ਸੀ ਕਿ ਇਸ ਦੇਸ਼ ਵਿੱਚ ਉਹੀ ਲੋਕ ਰਹਿ ਸਕਦੇ ਹਨ ਜੋ 'ਭਾਰਤ ਮਾਤਾ ਦੀ ਜੈ' ਬੋਲਣ। ਇਨ੍ਹਾਂ ਲੋਕਾਂ ਦੇ ਮੂੰਹ 'ਤੇ ਪਾਰਟੀ ਨੇਤਾਵਾਂ ਨੂੰ ਟੇਪ ਚਿਪਕਾਉਣ ਦੀ ਲੋੜ ਹੈ। ਹੋਰ ਵੀ ਚੰਗਾ ਹੋਵੇਗਾ ਜੇ ਉਨ੍ਹਾਂ ਨੂੰ ਇੱਕ ਸਾਲ ਲਈ ਕਿਸੇ ਵਿਪਸ਼ਯਨਾ ਵਰਗੇ ਕੇਂਦਰ ਵਿੱਚ ਭੇਜ ਦਿੱਤਾ ਜਾਵੇ। ਇਨ੍ਹਾਂ ਲੋਕਾਂ ਦੇ ਬਿਆਨਾਂ ਨੇ ਫਿਰਕੂ ਸਾਂਝ ਨੂੰ ਢਾਹ ਲਾਈ ਹੈ। ਰਹੀ ਜ਼ਿੰਮੇਵਾਰੀ ਦੀ ਗੱਲ। ਪੁਲਸ ਦੀ ਜ਼ਿੰਮੇਵਾਰੀ ਬਾਰੇ ਬਹੁਤ ਕੁਝ ਕਿਹਾ ਜਾ ਰਿਹਾ ਹੈ। ਇਸ ਵਿੱਚ ਸ਼ੱਕ ਨਹੀਂ ਕਿ ਪੁਲਸ ਸ਼ੁਰੂ ਵਿੱਚ ਹੱਥ 'ਤੇ ਹੱਥ ਧਰ ਕੇ ਬੈਠੀ ਰਹੀ, ਜਿਸ ਕਾਰਨ ਫਿਰਕੂ ਚੰਗਿਆੜੀ ਨੇ ਭਾਂਬੜ ਦਾ ਰੂਪ ਧਾਰ ਲਿਆ ਪਰ ਬਾਕੀ ਸੰਸਥਾਵਾਂ ਦੀ ਜ਼ਿੰਮੇਵਾਰੀ ਦਾ ਜ਼ਿਕਰ ਵੀ ਜ਼ਰੂਰੀ ਹੈ। ਲੈਫਟੀਨੈਂਟ ਗਵਰਨਰ, ਜੋ ਗ੍ਰਹਿ ਮੰਤਰਾਲੇ ਦੇ ਪ੍ਰਤੀਨਿਧ ਹਨ, ਨੇ ਕੀ ਭੂਮਿਕਾ ਨਿਭਾਈ? ਦਿੱਲੀ ਦੇ ਮੁੱਖ ਮੰਤਰੀ ਭਾਰੀ ਬਹੁਮਤ ਨਾਲ ਜਿੱਤੇ ਹਨ, ਉਨ੍ਹਾਂ ਅਤੇ ਉਨ੍ਹਾਂ ਦੀ ਪਾਰਟੀ ਦੇ ਨੇਤਾਵਾਂ ਤੋਂ ਆਸ ਸੀ ਕਿ ਉਹ ਸੜਕਾਂ 'ਤੇ ਉਤਰ ਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਨਗੇ। ਅਜਿਹਾ ਕੁਝ ਵੀ ਦਿਖਾਈ ਨਹੀਂ ਦਿੱਤਾ। ਸਰਕਾਰੀ ਖ਼ਜ਼ਾਨੇ ਤੋਂ ਰਕਮ ਤਾਂ ਹਰ ਕੋਈ ਵੰਡ ਸਕਦਾ ਹੈ।

ਕੇਂਦਰੀ ਗ੍ਰਹਿ ਮੰਤਰੀ ਬਾਰੇ ਬਹੁਤ ਕੁਝ ਕਿਹਾ ਜਾ ਰਿਹਾ ਹੈ ਤੇ ਉਨ੍ਹਾਂ ਦੇ ਅਸਤੀਫ਼ੇ ਦੀ ਵੀ ਮੰਗ ਕੀਤੀ ਜਾ ਰਹੀ ਹੈ ਪਰ ਜੇ ਵਿਹਾਰਕ ਨਜ਼ਰੀਏ ਨਾਲ ਦੇਖੀਏ ਤਾਂ ਗ੍ਰਹਿ ਮੰਤਰਾਲਾ ਸਿਰਫ਼ ਨੀਤੀਗਤ ਨਿਰਦੇਸ਼ ਦਿੰਦਾ ਹੈ। ਰੋਜ਼ ਦੇ ਕੰਮ ਵਿੱਚ ਆਸ ਕੀਤੀ ਜਾਂਦੀ ਹੈ ਕਿ ਉਹ ਦਖ਼ਲ ਨਹੀਂ ਦੇਵੇਗਾ। ਇਥੇ ਕਿਹਾ ਜਾ ਸਕਦਾ ਹੈ ਕਿ ਉਸ ਦੇ ਆਦੇਸ਼ ਦੀ ਪਾਲਣਾ ਕਰਦੀ ਹੋਈ ਪੁਲਸ ਨੇ ਸਰਗਰਮੀ ਨਹੀਂ ਦਿਖਾਈ। ਸੋਚਣ ਦੀ ਗੱਲ ਇਹ ਹੈ ਕਿ ਕੋਈ ਗ੍ਰਹਿ ਮੰਤਰੀ, ਆਪਣੇ ਹੋਸ਼ੋ-ਹਵਾਸ ਵਿੱਚ ਅਤੇ ਉਹ ਵੀ ਉਦੋਂ ਜਦੋਂ ਅਮਰੀਕੀ ਰਾਸ਼ਟਰਪਤੀ ਭਾਰਤ ਵਿੱਚ ਹੋਣ, ਅਜਿਹੀ ਕੋਈ ਘਟਨਾ ਕਿਉਂ ਵਾਪਰਦੀ ਦੇਖਣਾ ਚਾਹੇਗਾ, ਜਿਸ ਕਾਰਨ ਦੇਸ਼ ਨੂੰ ਸ਼ਰਮਸਾਰ ਹੋਣਾ ਪਵੇ? ਪੂਰੇ ਘਟਨਾ ਚੱਕਰ ਦਾ ਵਿਸ਼ਲੇਸ਼ਣ ਕਰੀਏ ਤਾਂ ਗੰਭੀਰ ਘਟਨਾਵਾਂ 23 ਅਤੇ 24 ਫਰਵਰੀ ਨੂੰ ਹੋਈਆਂ ਸਨ। ਉਨ੍ਹਾਂ ਦਿਨਾਂ ਵਿੱਚ ਸ਼ਾਹਦਰਾ ਦੇ ਡੀ ਸੀ ਪੀ ਅਮਿਤ ਮਿਸ਼ਰਾ ਨੂੰ ਦੰਗਾਕਾਰੀਆਂ ਨੇ ਕੁੱਟਿਆ, ਖ਼ੁਫ਼ੀਆ ਬਿਊਰੋ ਦੇ ਕਰਮਚਾਰੀ ਅੰਕਿਤ ਸ਼ਰਮਾ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤੀ ਤੇ ਹੈੱਡ ਕਾਂਸਟੇਬਲ ਰਤਨ ਲਾਲ ਨੂੰ ਗੋਲੀ ਮਾਰ ਦਿੱਤੀ ਗਈ। ਇੱਕ ਦੰਗਾਕਾਰੀ ਨੂੰ ਪੁਲਸ ਦੇ ਇੱਕ ਜਵਾਨ 'ਤੇ ਪਿਸਤੌਲ ਤਾਣ ਕੇ ਧਮਕਾਉਂਦੇ ਹੋਏ ਪੂਰੇ ਦੇਸ਼ ਨੇ ਦੇਖਿਆ। ਉਹ ਬੜੀ ਮੁਸ਼ਕਲ ਨਾਲ ਗ੍ਰਿਫ਼ਤਾਰ ਕੀਤਾ ਜਾ ਗਿਆ। ਇਨ੍ਹਾਂ ਘਟਨਾਵਾਂ ਦਾ ਕੌਣ ਜ਼ਿੰਮੇਵਾਰ ਸੀ, ਇਸ 'ਤੇ ਜ਼ਿਆਦਾ ਕੁਝ ਕਹਿਣ ਦੀ ਜ਼ਰੂਰਤ ਨਹੀਂ। ਇਸੇ ਤਰ੍ਹਾਂ ਇਹ ਵੀ ਲੱਗਦਾ ਹੈ ਕਿ ਹੁਕਮਰਾਨ ਪਾਰਟੀ ਦੇ ਲੋਕਾਂ ਨੇ ਦੰਗਿਆਂ ਵਿੱਚ ਜਵਾਬੀ ਕਾਰਵਾਈ ਕਰਦਿਆਂ ਹਿੱਸਾ ਲਿਆ। ਸਰਕਾਰੀ ਸੂਤਰਾਂ ਵੱਲੋਂ ਵਾਰ-ਵਾਰ ਪਾਪੂਲਰ ਫਰੰਟ ਆਫ ਇੰਡੀਆ ਅਰਥਾਤ ਪੀ ਐਫ ਆਈ ਦੀ ਭੂਮਿਕਾ 'ਤੇ ਸਵਾਲ ਚੁੱਕੇ ਜਾ ਰਹੇ ਹਨ। ਇਹ ਸਾਫ ਹੈ ਕਿ ਜਿਸ ਪੈਮਾਨੇ 'ਤੇ ਦੰਗੇ ਹੋਏ, ਉਨ੍ਹਾਂ ਦੀ ਤਿਆਰੀ ਯੋਜਨਾਬੱਧ ਤਰੀਕੇ ਨਾਲ ਕੀਤੀ ਗਈ ਸੀ। ਇਸ ਦੇ ਲਈ ਕੌਣ ਵਿਅਕਤੀ, ਪਾਰਟੀ ਜਾਂ ਸੰਗਠਨ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ, ਉਨ੍ਹਾਂ ਦੀ ਪਛਾਣ ਕਰਨ ਲਈ ਨਿਆਇਕ ਜਾਂਚ ਕਰਵਾਈ ਜਾਵੇ ਤਾਂ ਜੋ ਸਹੀ ਤੱਥ ਸਾਹਮਣੇ ਆ ਸਕਣ, ਨਹੀਂ ਤਾਂ ਇੱਕ-ਦੂਜੇ 'ਤੇ ਦੋਸ਼ ਲਾਉਂਦੇ ਲੋਕ ਇਨ੍ਹਾਂ ਦੰਗਿਆਂ ਦੀ ਤੁਲਨਾ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਵੀ ਕਰ ਰਹੇ ਹਨ। ਮੇਰੇ ਵਿਚਾਰ ਨਾਲ ਇਹ ਉਨ੍ਹਾਂ ਦੇ ਸੀਮਤ ਗਿਆਨ ਦਾ ਸਬੂਤ ਹੈ।

ਸੰਨ 1984 ਵਿੱਚ ਫਿਰਕੂ ਕਤਲੇਆਮ ਹੋਇਆ ਸੀ ਅਤੇ ਹਮਲੇ ਇਕਤਰਫਾ ਸਨ। ਇਸ ਦੇ ਉਲਟ 2020 ਵਿੱਚ ਫਿਰਕੂ ਦੰਗਾ ਹੋਇਆ ਜਿਸ ਵਿੱਚ ਦੋਵੇਂ ਧਿਰਾਂ ਨੇ ਇੱਕ-ਦੂਜੇ 'ਤੇ ਹਮਲਾ ਕੀਤਾ। ਭਵਿੱਖ ਲਈ ਇਹ ਜ਼ਰੂਰੀ ਹੈ ਕਿ ਪੁਲਸ ਨੂੰ ਤਾਕਤਵਰ ਬਣਾਇਆ ਜਾਵੇ, ਉਸ ਦੇ ਰੋਜ਼ ਦੇ ਕੰਮ ਵਿੱਚ ਸਿਆਸੀ ਦਖ਼ਲ ਨਾ ਹੋਵੇ। ਸ਼ਾਹੀਨ ਬਾਗ਼ ਤੋਂ ਧਰਨਾ ਖ਼ਤਮ ਹੋਣਾ ਚਾਹੀਦਾ ਹੈ ਅਤੇ ਜੇ ਲੋੜ ਪਵੇ ਤਾਂ ਇਸ ਲਈ ਮਹਿਲਾ ਪੁਲਸ ਵੱਲੋਂ ਘੱਟ ਤੋਂ ਘੱਟ ਤਾਕਤ ਦੀ ਵਰਤੋਂ ਕੀਤੀ ਜਾਵੇ। ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਦੀ ਸੰਵਿਧਾਨਕਤਾ 'ਤੇ ਛੇਤੀ ਵਿਚਾਰ ਕਰੇ ਤੇ ਜੇ ਉਸ ਵਿੱਚ ਦੇਰੀ ਹੋਵੇ ਤਾਂ ਇਸ ਕਾਨੂੰਨ 'ਤੇ ਅਜੇ ਅੰਤਰਿਮ ਰੋਕ ਲਗਾ ਦਿੱਤੀ ਜਾਵੇ। ਇਸ ਸਮੇਂ ਕੌਮਾਂਤਰੀ ਮਾਹੌਲ ਭਾਰਤ ਦੇ ਉਲਟ ਹੁੰਦਾ ਜਾ ਰਿਹਾ ਹੈ, ਉਸ ਨੂੰ ਸੰਭਾਲਣ ਦੀ ਲੋੜ ਹੈ। ਸਾਨੂੰ ਇਹ ਵੀ ਸਮਝਣਾ ਹੋਵੇਗਾ ਕਿ ਦੇਸ਼ ਵਿੱਚ ਫਿਰਕੂ ਸਦਭਾਵਨਾ ਬਣਾਈ ਰੱਖਣੀ ਬੇਹੱਦ ਜ਼ਰੂਰੀ ਹੈ, ਨਹੀਂ ਤਾਂ ਇਸਲਾਮਿਕ ਸਟੇਟ ਅਤੇ ਹੋਰ ਅੱਤਵਾਦੀ ਅਤੇ ਕੱਟੜਵਾਦੀ ਸੰਗਠਨ ਇਸ ਮਾਹੌਲ ਦਾ ਫ਼ਾਇਦਾ ਚੁੱਕ ਕੇ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਗੰਭੀਰ ਚੁਣੌਤੀ ਖੜ੍ਹੀ ਕਰ ਸਕਦੇ ਹਨ।

## ਮਿੰਨੀ ਕਹਾਣੀਆਂ

### ਦਿਹਾੜੀ

-ਰਵਿੰਦਰ ਰੁਪਾਲ ਕੌਲਗੜ੍ਹ

ਸਵੇਰੇ ਸਵੇਰੇ ਅਸਮਾਨ ਉਤੇ ਕਾਲੇ ਕਾਲੇ ਬੱਦਲਾਂ ਵੱਲ ਵੇਖ ਕੇ, ਪੜ੍ਹੀ ਲਿਖੀ ਪਤਨੀ, ਰੋਮਾਂਟਿਕ ਮੂਡ ਜਿਹੇ ਵਿੱਚ ਆਪਣੇ ਪਤੀ ਨੂੰ ਕਹਿਣ ਲੱਗੀ, ''ਜ਼ਰਾ ਬਾਹਰ ਆ ਕੇ ਵੇਖੋ ਜੀ ਕਿੰਨੇ ਪਿਆਰੇ ਬੱਦਲ ਨੇ ਅਸਮਾਨ ਉੱਤੇ ਅਤੇ ਉਨ੍ਹਾਂ ਅੱਗੇ ਉਡਦੇ ਹੋਏ ਚਿੱਟੇ ਚਿੱਟੇ ਬਗਲੇ, ਖੂਬਸੂਰਤੀ ਨੂੰ ਹੋਰ ਵੀ ਚਾਰ ਚੰਨ ਲਾ ਰਹੇ ਨੇ।''

ਪਤੀ ਨੇ ਅੰਦਰੋਂ ਬਾਹਰ ਨਿਕਲ ਕੇ, ਬੱਦਲਾਂ ਵੱਲ ਵੇਖ ਕੇ ਚਿੰਤਾ ਜਿਹੀ ਜ਼ਾਹਰ ਕਰਦਿਆਂ ਕਿਹਾ, ''ਤੂੰ ਫਿਰ ਛੇਤੀ ਛੇਤੀ ਨਾਲ ਮੇਰੀ ਰੋਟੀ ਲਾਹ ਦੇ, ਜੇ ਕਿਤੇ ਇਹੇ ਕੰਜਰ ਦਾ ਵਰ੍ਹਨ ਲੱਗ ਪਿਆ ਤਾਂ ਮੇਰੀ ਅੱਜ ਦੀ ਦਿਹਾੜੀ ਮਰਜੂ, ਮੈਂ ਤਾਂ ਅਗਲਿਆਂ ਦੇ ਬਾਰ 'ਤੇ ਜਾ ਕੇ ਬੈਠਾਂ ਕੇਰਾਂ। ਤੈਨੂੰ ਤਾਂ ਪਤੈ, ਇੱਕ ਦਿਨ ਦੀ ਮਰੀ ਹੋਈ ਦਿਹਾੜੀ ਫੇਰ ਨਹੀਂ ਨਾਲ ਰਲਦੀ ਹੁੰਦੀ।'' ਉਹ ਡੋਰੂ ਵਾਂਗ ਹੱਥ ਘੁਮਾਉਂਦਾ ਹੋਇਆ, ਇਉਂ ਕਹਿ ਕੇ ਕਾਹਲੀ ਜਿਹੀ 'ਚ ਆਪਣਾ ਪਰਨਾ ਬੰਨ੍ਹਣ, ਅੰਦਰ ਨੂੰ ਚਲਾ ਗਿਆ।

''ਹੂੰ! ਅਨਪੜ੍ਹ, ਬੇਸਮਝ ਜਿਹੇ ਕਿਤੋਂ ਦੇ, ਪਤਾ ਨਹੀਂ ਕਦੋਂ ਸਮਝਣਾ ਕੁਝ?'' ਉਹ ਵੀ ਇਉਂ ਕਹਿ ਕੇ ਰੋਟੀ ਪਕਾਉਣ ਚੁੱਲ੍ਹੇ ਕੋਲ ਜਾ ਬੈਠੀ।

ਉਸ ਦੀ ਬੁੜ ਬੁੜ ਜਿਹੀ ਸੁਣ ਕੇ ਉਸ ਨੇ ਅੰਦਰੋਂ ਹੀ ਪੁੱਛਿਆ, ''ਤੂੰ ਕੁਝ ਕਿਹੈ?''

''ਕੁਸ਼ ਨੀ, ਮੈਂ ਕਿਹਾ ਲਾਹ ਦਿੰਨੀ ਆਂ ਰੋਟੀ। ਕਿਤੇ ਤੁਹਾਡੀ ਦਿਹਾੜੀ ਨਾ ਮਰ ਜੇ ਜਿਹਦੀ ਥੋਨੂੰ ਹਰ ਵਕਤ ਚਿੰਤਾ ਰਹਿੰਦੀ ਏ। ਹੋਰ ਭਾਵੇਂ ਕੋਈ ਨਿੱਤ ਮਰੀ ਜਾਵੇ, ਉਹਦਾ ਥੋਨੂੰ ਕੀ?'' ਇਉਂ ਕਹਿੰਦੀ ਹੋਈ, ਉਹ ਫਟਾਫਟ ਰੋਟੀ ਲਾਹੁਣ ਲੱਗ ਪਈ।

### ਇੱਕ ਹੱਥ ਵਾਲੇ

-ਇਕਵਾਕ ਸਿੰਘ ਪੱਟੀ

ਉਜਾਗਰ ਸਿੰਘ ਆਪਣੇ ਬੇਲੀ ਬੰਤਾ ਸਿੰਘ ਨੂੰ ਦੱਸਣ ਲੱਗਾ ਕਿ ਜ਼ਮਾਨਾ ਕੀ ਬਦਲਿਆ, ਦੋ ਹੱਥਾਂ ਨਾਲ ਕੰਮ ਕਰਨ ਵਾਲਾ ਮਨੁੱਖ ਇੱਕ ਹੱਥ ਵਾਲਾ ਰਹਿ ਗਿਆ। ਬੰਤਾ ਸਿੰਘ ਸਵਾਲੀਆ ਨਜ਼ਰਾਂ ਨਾਲ ਪੁੱਛਣ ਲੱਗਾ, ''ਗੱਲ ਸਮਝ ਨਹੀਂ ਆਈ ਤੇਰੀ, ਇਹ ਕੀ ਪਹੇਲੀ ਬਣੀ? ਇੱਕ ਹੱਥ ਵਾਲਾ ਮਨੁੱਖ ਉਹ ਕਿਵੇਂ?''

ਉਜਾਗਰ ਸਿੰਘ ਕਾਲਜ ਤੋਂ ਬਾਹਰ ਨਿਕਲ ਰਹੇ ਪਾੜ੍ਹਿਆਂ ਅਤੇ ਕੰਟੀਨ ਵਿਚ ਖਾਣਾ ਖਾ ਰਹਿਆਂ ਵੱਲ ਇਸ਼ਾਰਾ ਕਰ ਕੇ ਵਿਅੰਗਮਈ ਲਹਿਜ਼ੇ ਵਿੱਚ ਕਹਿਣ ਲੱਗਾ, ''ਓਹ ਵੇਖ, ਸਾਰਿਆਂ ਦੇ ਇੱਕ ਹੱਥ ਵਿਚ ਮੋਬਾਈਲ ਹੈ ਤੇ ਕੰਮ ਚਾਹੇ ਕੋਈ ਖਾ ਰਿਹੈ, ਕੁਝ ਪੀ ਰਿਹਾ ਹੈ ਜਾਂ ਹੋਰ ਜ਼ਰੂਰੀ ਕੰਮ ਕਰ ਰਿਹਾ ਹੈ, ਸਿਰਫ ਇੱਕ ਹੱਥ ਨਾਲ ਹੀ ਕਰ ਰਿਹਾ ਹੈ। ਇਸ ਤੋਂ ਇਲਾਵਾ ਸੜਕ 'ਤੇ ਦੂਜੇ ਕਿਸੇ ਨੂੰ ਵੀ ਵੇਖ ਲੈ ਬਸ ਵਿਚ, ਗੱਡੀ ਵਿਚ ਇੱਕ ਸਭ ਇੱਕ ਹੱਥ ਵਾਲੇ ਹੀ ਤਾਂ ਲੱਗਦੇ ਨੇ। ਦੂਜਾ ਹੱਥ ਤਾਂ ਸਿਰਫ ਮੋਬਾਈਲ ਜੋਗਾ ਹੀ ਰਹਿ ਗਿਆ ਹੈ। ਕੰਮ ਸਾਰੇ ਇੱਕੋ ਹੱਥ ਨਾਲ ਹੀ ਕਰਦੇ ਨੇ।''

### ਹਲਕਾ ਫੁਲਕਾ

ਨੰਨ੍ਹੇ ਦੀ ਮਾਂ ਪ੍ਰੇਸ਼ਾਨ ਹੋ ਕੇ ਬੋਲੀ, ''ਤੇਰੀਆਂ ਸ਼ਰਾਰਤਾਂ ਤੋਂ ਮੈਂ ਤੰਗ ਆ ਗਈ ਹਾਂ। ਦੇਖੋ, ਤੇਰੀਆਂ ਸ਼ਰਾਰਤਾਂ ਦੇ ਕਾਰਨ ਮੇਰੇ ਸਫੈਦ ਵਾਲ ਆਉਣ ਲੱਗੇ ਹਨ।''

ਨੰਨ੍ਹਾ ਬੋਲਿਆ, ''ਫਿਰ ਤਾਂ ਮੰਮੀ ਤੁਸੀਂ ਵੀ ਬਚਪਨ 'ਚ ਬਹੁਤ ਸ਼ਰਾਰਤਾਂ ਕਰਦੇ ਹੋਵੋਗੇ। ਦੇਖੋ ਨਾ, ਨਾਨੀ ਜੀ ਦੇ ਸਿਰ ਦੇ ਸਾਰੇ ਵਾਲ ਸਫੈਦ ਹੋ ਗਏ ਹਨ।''

*********

ਸੰਜੇ (ਪਿਤਾ ਨੂੰ), ''ਰਾਤ ਨੂੰ ਮੈਨੂੰ ਸੁਫਨਾ ਆਇਆ ਕਿ ਮੇਰੇ ਪੈਰ 'ਚ ਕੰਡਾ ਚੁਭ ਗਿਆ ਹੈ।''

ਪਿਤਾ, ''...ਤਾਂ ਬੇਵਕੂਫ ਤੂੰ ਬੂਟ ਪਹਿਨ ਕੇ ਕਿਉਂ ਨਹੀਂ ਸੌਂਦਾ। ਇਸ ਨਾਲ ਬਚਾਅ ਰਹੇਗਾ।''


AIRMORE Heating & Air Conditioning Experts


Sales - Service - Installation
Residential / Commercial

ਅਸੀਂ ਕਿਸੇ ਵੀ ਕੰਪਨੀ ਦੇ ਬਣੇ ਫਰਨਾਂਸ, ਏਅਰ ਕੰਡੀਸ਼ਨਰ ਪਾਣੀ ਦਾ ਹੀਟਰ, ਹੂਮੀਡੀਫਾਇਰ, ਰੂਫਟਾਪ, ਯੂਨੀਟ ਹੀਟਰ ਅਤੇ ਹੋਰ ਬਹੁਤ ਕੁਝ ਨੂੰ ਠੀਕ ਕਰਦੇ ਹਾਂ



Call us 24x7: 647-526-6115








18 GLORIOUS YEARS OF SUCCESS

WE ARE THE #1 CHOICE OF SOUTH ASIAN COMMUNITY IN GTA

Directory Releases Every Year From Last 18 Years

Watnopaar Punjabi Directory is also available online

www.watnopaar.ca | app : watnopaarpunjabi

ANDROID APP ON Google play

ALL PAGES ARE FULLY COLORED

PRESTIGIOUS GLOSSY PAGES $1000 PER PAGE
WITH ONE REGULAR PAGE FREE

REGULAR FULL PAGE $500 PER PAGE


FRONT, BACK, FRONT INNER, BACK INNER, SPINE, BOTTOM LINE (EVERY PAGE), UPPER LINE (EVERY PAGE) AVAILABLE ON EARLY REQUEST (ASK FOR DETAILS)

Design & Photography Totally Free

www.watnopaar.ca | watnopaar@gmail.com

Contact: 647-893-3600, 905-799-2000, 905-673-3000
7071, Airport Road, #212, Mississauga, ON L4T 4J3

## ਗੁਰਦੁਆਰਾ ਪਹਿਲੀ ਪਾਤਸ਼ਾਹੀ, ਬਾਲ ਗੁੰਦਾਈ, ਜੇਹਲਮ



ਇਹ ਅਸਥਾਨ ਜਿਹਲਮ ਸ਼ਹਿਰ ਤੋਂ ਕੋਈ 24 ਕਿਲੋਮੀਟਰ ਪੱਛਮ ਵੱਲ ਇੱਕ ਪਹਾੜੀ ਉੱਤੇ ਹੈ। ਇਸ ਅਸਥਾਨ ਨੂੰ ਟਿੱਲਾ ਜੋਗੀਆਂ ਵੀ ਆਖਿਆ ਜਾਂਦਾ ਹੈ । ਇੱਥੇ ਹੀ ਪੰਜਾਬੀ ਲੋਕ ਕਥਾ ਹੀਰ ਰਾਂਝੇ ਦੇ ਮੁੱਖ ਪਾਤਰ ਰਾਂਝੇ ਨੇ ਬਾਲ ਨਾਥ ਜੋਗੀ ਤੋਂ ਕੰਨ ਪੜਵਾਏ ਅਤੇ ਜੋਗ ਲਈ । ਬਾਲ ਗੁੰਦਾਈ ਇੱਕ ਜੋਗੀ ਦਾ ਨਾਂ ਸੀ । ਜੋ ਇਸ ਟਿੱਲੇ ਉੱਤੇ ਰਹਿੰਦਾ ਸੀ । ਇਹ ਪਰਉਪਕਾਰੀ ਭਜਨੀਕ ਸਾਧੂ ਸੀ । ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਇਸ ਦੇ ਆਸ਼ਰਮ ਪਧਾਰੇ। ਇਹ ਸਤਿਗੁਰ ਜੀ ਦੇ ਬਚਨ ਸੁਣ ਕੇ ਆਪ ਜੀ ਦਾ ਸ਼ਰਧਾਲੂ ਹੋਇਆ । ਬਾਲ ਗੁੰਦਾਈ ਦਿਰਾ ਪੁੰਨ ਗਏ ( ਨਾ ) ਜਿੱਥੇ ਗੁਰੂ ਸਾਹਿਬ ਬਿਰਾਜੇ ਸਨ, ਉੱਥੇ ਆਪ ਜੀ ਦੇ ਚਰਨ ਚਿੰਨ ਪੱਥਰ ਉੱਤੇ ਉੱਕਰੇ ਹੋਏ ਸਨ । ਜੋ ਹੁਣ ਅਲੋਪ ਹੋ ਚੁੱਕੇ ਹਨ । ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ । ਇਸ ਦੇ ਨਾਲ ਇੱਕ ਸੁੰਦਰ ਸਰੋਵਰ ਹੈ । ਪੁਜਾਰੀ ਨਾਂਗੇ ਸਾਧੂ ਸਨ। ਗੁਰ-ਦੁਆਰੇ ਦੇ ਨਾਂ 15 ਘੁਮਾਉਂ ਜਮੀਨ ਜੰਗਲ ਹੈ ॥ ਇਸ ਥਾਂ ਜਾਣ ਵਾਸਤੇ ਜਿਹਲਮ ਜਾਂ ਦੀਨੇ ਤੋਂ ਆਪਣੀ ਹੀ ਸਵਾਰੀ ਤੇ ਜਾਇਆ ਜਾ ਸਕਦਾ ਹੈ । ਉਸ ਤੋਂ ਬਿਨਾਂ ਇੱਕ ਦਿਨ ਵਿੱਚ ਜਾ ਕੇ ਮੁੜਨਾ ਔਖਾ ਹੈ । ਪਹਾੜ ਦੀ ਚੋਟੀ ਉੱਤੇ ਬਹੁਤ ਹੀ ਸੁੰਦਰ ਦ੍ਰਿਸ਼ ਅਤੇ ਮੌਸਮ ਹੁੰਦਾ ਹੈ, ਜੋ ਹਰ ਜਾਣ ਵਾਲੇ ਨੂੰ ਆਪਣੀ ਸੁੰਦਰਤਾ ਦੇ ਮੰਤਰ ਵਿੱਚ ਕੀਲ ਲੈਂਦਾ ਹੈ।

# ਇੱਕ ਵਰਮਾ ਡਾਕਟਰ ਸੀ

-ਸੁਰਿੰਦਰ ਸਿੰਘ ਦਾਊਮਾਜਰਾ

ਦੰਦ ਇਕੇਰਾਂ ਜਾਣ ਲੱਗੇ ਫਿਰ ਬੋਰੀ ਵਿੱਚੋਂ ਡਿੱਗਦੇ ਦਾਣਿਆਂ ਵਾਂਗ ਖਿੰਡਦੇ ਹੀ ਚਲੇ ਜਾਂਦੇ ਨੇ। ਸਾਡੀ ਜਾਣ ਪਛਾਣ ਵਾਲਾ ਇੱਕ ਦੰਦਾਂ ਦਾ ਡਾਕਟਰ ਸੀ ਵਰਮਾ। ਉਸ ਨੂੰ ਗੱਲਾਂ ਏਨੀਆਂ ਆਉਂਦੀਆਂ ਸਨ ਕਿ ਸਾਹਮਣੇ ਵਾਲਾ ਇਹ ਸਮਝਦਾ ਸੀ ਬਈ ਆਹ ਅਠਾਰਾਂ ਗੁਣਾ ਸੱਤ ਦੀ ਦੁਕਾਨ ਨਾਲੋਂ ਵੱਡਾ ਹਸਪਤਾਲ ਅਤੇ ਵਰਮੇ ਤੋਂ ਵੱਡਾ ਡਾਕਟਰ ਦੁਨੀਆ 'ਤੇ ਕਿਤੇ ਨਹੀਂ ਹੋ ਸਕਦਾ। "ਓ ਕਮਲਿਓ ਜੀਹਦਾ ਨਾਮ ਹੀ ਵਰਮਾ ਏ ਉਹ ਤਾਂ ਘੁੰਮ ਘੁੰਮ ਕੀੜੇ ਕੱਢਦੂ ਦੰਦਾਂ 'ਚੋਂ", ਉਹ ਆਪਣੇ ਭਾਣੇ ਮਜ਼ਾਕ 'ਚ ਗੱਲ ਕਰਦਾ, ਪਰ ਪੇਂਡੂਆਂ ਨੂੰ ਲੱਗਦਾ ਕਿ ਡਾਕਟਰ ਧਰਤੀ ਨਾਲ ਜੁੜਿਆ ਬੰਦਾ ਏ। ਗੱਲ ਬਹੁਤ ਹੱਦ ਤੱਕ ਸਹੀ ਸੀ। ਵਰਮਾ ਪੈਸਿਆਂ ਦਾ ਬੋਝ ਮਰੀਜ਼ 'ਤੇ ਬਹੁਤਾ ਨਹੀਂ ਸੀ ਪਾਉਂਦਾ ਹੁੰਦਾ। ਰੇਟ ਲਿਖ ਕੇ ਲਾਏ ਸਨ, ਪਰ ਉਨ੍ਹਾਂ ਵਿੱਚੋਂ ਵੀ ਕਈ ਵਾਰ ਦਸ ਵੀਹ ਰੁਪਏ ਵਾਪਸ ਕਰ ਕੇ ਕਹਿ ਦਿੰਦਾ ਸੀ, "ਆਹ ਲੈ, ਦੰਦ ਕੱਢੇ ਆ ਤੇਰੇ। ਡਬਲ ਰੋਟੀ ਖਾ ਲੀਂ।"

ਵਰਮਾ ਅਸਲ 'ਚ ਗਰੀਬਾਂ ਜਾਂ ਪੇਂਡੂਆਂ ਦਾ ਡਾਕਟਰ ਸੀ ਜਿਹੜੇ ਉਧਾਰ ਵੀ ਕਰ ਜਾਂਦੇ ਸਨ। ਉਸ ਦੇ ਕਿੱਸੇ ਬਹੁਤ ਮਸ਼ਹੂਰ ਸਨ। ਕੁਝ ਤਾਂ ਆਪ ਮਜ਼ਾਹੀਆ ਸੀ, ਕੁਝ ਲੋਕ ਆਪਣੇ ਕੋਲੋਂ ਜੋੜ ਕੇ ਗੱਲ ਵਧਾ ਲੈਂਦੇ ਸੀ। ਬੇਸ਼ੱਕ ਵਰਮਾ ਡਾਕਰ ਸੀ, ਪਰ ਦੁਕਾਨਾਂ ਵਾਲੇ ਕਹਿੰਦੇ ਸੀ ਕਿ ਵਰਮੇ ਤੋਂ ਵੱਧ ਤਰੱਕੀ ਕਿਸੇ ਨੇ ਨਹੀਂ ਕੀਤੀ। ਇਸ ਦਾ ਬਾਪ ਦਿੱਲੀ ਦੰਦਾਂ ਦਾ 'ਮਿਸਤਰੀ' ਸੀ। ਕਿਸੇ ਨੇ ਪੁੱਛਣਾ, "ਉਹ ਕਿਵੇਂ?"

"ਕਿਵੇਂ ਕੀ? ਟਾਹਲੀ ਹੇਠਾਂ ਦੰਦਾਂ ਦੇ ਸੈੱਟ ਲਈ ਬੈਠਾ ਹੁੰਦਾ ਸੀ। ਜਿਹੜਾ ਆਉਂਦਾ ਸੀ, ਉਹਦਾ ਮੂੰਹ ਖੁੱਲ੍ਹਵਾ ਕੇ ਖਰਾਬ ਦੰਦ ਬਾਹਰ ਅਤੇ ਨਵੇਂ ਫਿੱਟ ਕਰ ਦਿੰਦਾ ਸੀ। ਕਈ ਵਾਰ ਅਮਰੀਕਾ ਆਲੇ ਲੈਣ ਆਏ ਸੀ ਕਿ ਸਾਡੇ ਮੁਲਕ ਚੱਲ, ਪਰ ਵਰਮੇ ਦੇ ਬਾਪੂ ਨੇ ਕੋਰਾ ਜਵਾਬ ਦੇ 'ਤਾ ਸੀ," ਗੱਲ ਬਣਾਉਣ ਵਾਲਾ ਮਸਾਲਾ ਤੇਜ਼ ਰੱਖਦਾ।

ਬਹੁਤੀ ਵਾਰ ਪਿੰਡਾਂ ਵਾਲੇ ਡਾਕਟਰ ਦੀ ਫੀਸ ਪਹਿਲਾਂ ਪੁੱਛਦੇ ਹੁੰਦੇ ਨੇ। ਜਿਹੜਾ ਫੀਸ ਜ਼ਿਆਦਾ ਲਵੇ ਉਨ੍ਹਾਂ ਲਈ ਉਹ ਲੁਟੇਰਾ ਡਾਕਟਰ ਹੁੰਦਾ ਹੈ। ਵਰਮਾ ਫੀਸ ਘੱਟ ਲੈਣ ਕਰ ਕੇ ਪਿੰਡ ਵਾਲਿਆਂ ਦਾ ਚਹੇਤਾ ਸੀ। ਪੜ੍ਹੇ ਲਿਖੇ ਇਹ ਗੱਲ ਕਰਦੇ ਸੀ ਕਿ ਵਰਮੇ ਨੂੰ ਡਾਕਟਰੀ ਦਾ ਕੱਖ ਨਹੀਂ ਪਤਾ, ਪਰ ਦੁਕਾਨ ਪਤਾ ਨਹੀਂ ਕਿਵੇਂ ਚਲਾਈ ਜਾਂਦੈ। ਪੁਰਾਣਾ ਲਮਰੇਟਾ ਸਕੂਟਰ ਉਹਦੀ ਸਵਾਰੀ ਹੁੰਦੀ ਸੀ। ਹਰੇ ਰੰਗ ਦੇ ਲਮਰੇਟੇ 'ਤੇ ਬੈਠਾ ਸਾਢੇ ਕੁ ਚਾਰ ਫੁੱਟ ਦਾ ਵਰਮਾ ਕਾਲੀਆਂ ਵੱਡੀਆਂ ਐਨਕਾਂ ਲਾਈ ਤੇ ਲਾਲ ਬੂਟੀਆਂ ਦੀ ਕਮੀਜ਼ ਪਾ ਕੇ ਕਿਸੇ ਪੁਰਾਣੇ ਐਕਟਰ ਦੀ ਫੀਲਿੰਗ ਲੈਂਦਾ। ਸਕੂਟਰ 'ਤੇ ਜਾਂਦੇ ਵਰਮੇ ਨੂੰ ਲੋਕਾਂ ਨੇ ਸਾਸਰੀਕਾਲ ਬੁਲਾਉਣਾ ਜਾਂ ਨਾ, ਪਰ ਖੱਬਾ ਹੱਥ ਉਪਰ ਕਰ ਕੇ ਉਹ ਸਾਰਿਆਂ ਸਾਸਰੀਕਾਲ ਬੁਲਾਉਂਦਾ ਜਾਂ ਜਵਾਬ ਦਿੰਦਾ ਜਾਂਦਾ।

ਇੱਕ ਗੱਲ ਸੱਚ ਜਾਂ ਝੂਠ ਹੈ ਪਤਾ ਨਹੀਂ, ਪਰ ਚਰਚਾ ਇਹ ਹੁੰਦੀ ਸੀ ਕਿ ਵਰਮੇ ਨੇ ਡਾਕਟਰੀ ਦੀ ਡਿਗਰੀ ਨਹੀਂ ਸਗੋਂ ਡਾਕਟਰੀ ਦੀ ਟਰੇਨਿੰਗ ਲਈ ਹੈ। ਜਿਹੜੀ ਦੁਕਾਨ ਵਿੱਚ ਉਸ ਦੇ ਬਾਪ ਨੇ ਹਸਪਤਾਲ ਖੋਲ੍ਹਿਆ ਸੀ ਉਸੇ ਵਿੱਚ ਵਰਮੇ ਨੇ ਥੋੜ੍ਹੀ ਭੰਨ-ਤੋੜ ਕਰ ਕੇ ਆਪਣਾ ਤੋਰੀ ਫੁਲਕਾ ਚਲਾ ਲਿਆ। ਡਿਗਰੀਆਂ ਭਾਵੇਂ ਵਰਮੇ ਨੇ ਫਰੇਮਾਂ ਵਿੱਚ ਜੜਵਾ ਕੇ ਲਾਈਆਂ ਸਨ, ਫਿਰ ਵੀ ਲੋਕਾਂ ਦੇ ਮੂੰਹ ਕਿੱਥੇ ਬੰਦ ਹੁੰਦੇ ਐ। ਸਾਰੇ ਕਹਿੰਦੇ ਕਿ ਡਿਗਰੀਆਂ ਜਾਅਲੀ ਨੇ। ਲੋਕਾਂ ਨੇ ਜਾਅਲੀ ਡਿਗਰੀਆਂ ਦੀ ਧਾਰਨਾ ਸੱਚ ਕਰਨ ਲਈ ਕਿੱਸੇ ਵੀ ਬਹੁਤੇ ਘੜੇ ਹੋਏ ਸਨ।

ਕਹਿੰਦੇ ਐ ਇਕੇਰਾਂ ਕੋਈ ਬੰਦਾ ਦੰਦ ਕਢਵਾਉਣ ਆਇਆ। ਚੰਗੀ ਤਰ੍ਹਾਂ ਦੰਦਾਂ ਦਾ ਨਿਰੀਖਣ ਕਰਕੇ ਦੰਦ ਕੱਢਣ ਨੂੰ ਆਖਰੀ ਹੱਲ ਮੰਨ ਲਿਆ। ਵੈਸੇ ਵੀ ਵਰਮਾ ਵਿਦੇਸ਼ੀ ਮਕੈਨਿਕਾਂ ਵਾਂਗ ਰਿਪ-ੇਅਰ ਘੱਟ ਤੇ ਰਿਪਲੇਸਮੈਂਟ 'ਚ ਵੱਧ ਯਕੀਨ ਰੱਖਦਾ ਸੀ। ਉਸ ਦਾ ਕਹਿਣਾ ਸੀ ਕਿ ਜਿਹੜੀ ਚੀਜ਼ ਖਰਾਬ ਹੋ ਗਈ ਅਤੇ ਜੇ ਉਸ ਦਾ ਬਦਲ ਹੈਗਾ ਤਾਂ ਬਦਲ ਲੈਣੀ ਚਾਹੀਦੀ ਹੈ। ਖੈਰ! ਵਰਮਾ ਸਾਹਿਬ ਨੇ ਦੰਦ ਕਢਵਾਉਣ ਆਏ ਬੰਦੇ ਦੇ ਸੁੰਨ ਕਰਨ ਵਾਲਾ ਟੀਕਾ ਲਾ ਕੇ ਆਪਣਾ ਜਮੂਰ ਦੰਦ ਨੂੰ ਪਾ ਲਿਆ। ਕੁਰਸੀ 'ਤੇ ਬੈਠੇ ਮਰੀਜ਼ ਨੇ ਦੋਵੇਂ ਹੱਥ ਉਪਰ ਚੁੱਕ ਲਏ ਜਿਵੇਂ ਫਾਂਸੀ ਲੱਗਣ ਤੋਂ ਭੱਜਦਾ ਹੋਵੇ। ਵਰਮੇ ਨੇ ਉਹਦੇ ਹੱਥ ਦੇਖੇ ਤੇ ਨਾ ਰੌਲਾ ਸੁਣਿਆ, ਬੱਸ ਦੰਦ ਕੱਢ ਕੇ ਕੌਲੀ ਵਿੱਚ ਰੱਖ ਦਿੱਤਾ। ਬੰਦੇ ਨੇ ਉਠ ਕੇ ਉਸ ਦਾ ਗਲ ਫੜ ਲਿਆ ਕਿ ਗਲਤ ਦੰਦ ਕੱਢਿਆ ਗਿਆ।

ਵਰਮੇ ਨੂੰ ਜਦੋਂ ਕੋਈ ਗੱਲ ਨਾ ਆਈ ਤਾਂ ਦੁੱਗਣੇ ਰੋਅਬ ਨਾਲ ਬੋਲਿਆ, "ਦੰਦ ਕੱਢਣ ਤੋਂ ਪਹਿਲਾਂ ਬੋਲਦਾ।"

ਵਿਚਾਰਾ ਕਹੇ ਕਿ ਮੈਂ ਹੱਥ ਮਾਰੀ ਜਾਂਦਾ ਸੀ। ਵਰਮਾ ਕਿੱਥੇ ਪੈਰ ਲੱਗਣ ਦਿੰਦਾ ਸੀ। ਕਹਿੰਦਾ, "ਰਹਿਣ ਦੇ ਵੀਰ, ਜਦ ਜਮੂਰ ਪੈਂਦਾ ਏ ਹੱਥ ਤਾਂ ਹਰੇਕ ਈ ਮਾਰਦੈ।"

ਵਰਮੇ ਦੀ ਦੁਕਾਨ ਦੇ ਨਾਲ ਹਲਵਾਈਆਂ ਦੀ ਦੁਕਾਨ ਸੀ। ਵਰਮਾ ਡਾਕਟਰੀ ਦੇ ਰੋਅਬ ਵਿੱਚ ਹਰੇਕ ਮਿਲਣ ਆਲੇ ਲਈ ਚਾਹ ਵਾਸਤੇ ਉਂਗਲਾਂ ਖੜ੍ਹੀਆਂ ਕਰ ਦਿੰਦਾ। ਮਹੀਨੇ ਬਾਅਦ ਜਦ ਹਲਵਾਈ ਨੇ ਪਰਚੀ ਭੇਜੀ ਤਾਂ ਸੱਤ ਸੌ ਦੇਖ ਕੇ ਵਰਮਾ ਆਪ ਡਾਕਟਰ ਕੋਲ ਜਾਣ ਵਾਲਾ ਹੋ ਗਿਆ। ਫਸਿਆ ਨਾ ਤਾਂ ਪੈਸਿਆਂ ਤੋਂ ਇਨਕਰ ਕਰ ਸਕਦਾ ਸੀ ਅਤੇ ਨਾ ਹੀ ਬਾਹਰ ਜਾ ਕੇ ਹਲਵਾਈ ਨਾਲ ਲੜ ਸਕਦਾ ਸੀ। ਭਰੇ ਪੀਤੇ ਨੇ ਪੈਸੇ ਕੱਢੇ ਤੇ ਆਪ ਜਾ ਕੇ ਦੇ ਆਇਆ। ਨਾਲ ਹਲਵਾਈ ਨੂੰ ਸਮਝਾ ਆਇਆ ਕਿ ਜੇ ਮੈਂ ਦੋ ਉਂਗਲਾਂ ਖੜ੍ਹੀਆਂ ਕਰਾਂ ਤਾਂ ਇੱਕ ਬਟਾ ਦੋ ਕਰ ਦਿਆ ਕਰ। ਹਲਵਾਈ ਨੇ ਹਾਂ ਵਿੱਚ ਸਿਰ ਮਾਰ ਦਿੱਤਾ, ਪਰ ਅੰਦਰੋਂ ਦੁਖੀ ਵੀ ਹੋਇਆ ਕਿ ਮਹੀਨੇ ਦਾ ਉਧਾਰ ਵੀ ਕਰਨਾ ਹੈ ਤੇ ਭਾਂਡੇ ਵੀ ਓਨੇ ਹੀ ਧੋਣੇ ਹਨ। ਅਗਲੇ ਮਹੀਨੇ ਦੀ ਪਰਚੀ ਫਿਰ ਸੱਤ ਸੌ ਦੀ ਪਹੁੰਚਾ ਦਿੱਤੀ। ਇਹ ਵਰਮੇ ਦੇ ਸਬਰ ਦੀ ਪਰਖ ਸੀ। ਜਦੋਂ ਹਲਵਾਈ ਤੋਂ ਹਿਸਾਬ ਪੁੱਛਿਆ ਤਾਂ ਉਹ ਬੋਲਿਆ, "ਡਾਕਟਰਾ ਪੈਸੇ ਚਾਹ ਦੇ ਨਈਂ, ਗਲਾਸ ਧੋਣ ਦੇ ਹੁੰਦੇ ਐ।" ਵਰਮੇ ਦੀ ਹਲਵਾਈ ਨਾਲ ਬੋਲਚਾਲ ਵੱਲੋਂ ਲੀਕ ਖਿੱਚੀ ਗਈ। ਬਦਲਾ ਲੈਣ ਦੀ ਭਾਵਨਾ ਨਾਲ ਵਰਮੇ ਨੇ ਕਲੀਨਿਕ ਮੂਹਰੇ ਬੋਰਡ ਲਾ ਦਿੱਤਾ, "ਆਪਣੇ ਦੰਦ ਸਹੀ ਸਲਾਮਤ ਰੱਖਣ ਲਈ ਬਾਜ਼ਾਰੂ ਮਠਿਆਈਆਂ ਤੋਂ ਪਰਹੇਜ਼ ਰੱਖੋ।"

ਵਰਮਾ ਉਂਝ ਹਸਮੁੱਖ ਸੀ। ਪੈਸੇ ਵੱਲੋਂ ਮਰੀਜ਼ ਨੂੰ ਤੰਗ ਨਹੀਂ ਸੀ ਕਰਦਾ, ਪਰ ਗੁਆਂਢ 'ਚ ਉਸ ਦੀਆਂ ਛੋਟੀਆਂ ਮੋਟੀਆਂ ਲੜਾਈਆਂ ਚੱਲਦੀਆਂ ਰਹਿੰਦੀਆਂ ਸਨ ਜਿਹੜੀਆਂ ਬਹੁਤ ਲੰਮੀਆਂ ਨਹੀਂ ਸੀ ਚਲਦੀਆਂ। ਵੱਡੀ ਤੋਂ ਵੱਡੀ ਲੜਾਈ ਦੋ ਜਾਂ ਤਿੰਨ ਦਿਨ ਦੀ ਹੁੰਦੀ ਸੀ। ਉਸ ਤੋਂ ਬਾਅਦ ਆਪ ਜਾ ਕੇ ਅਗਲੇ ਨਾਲ ਹੱਥ ਮਿਲਾ ਲੈਂਦਾ ਸੀ। ਉਸ ਦਾ ਕਹਿਣਾ ਸੀ ਕਿ ਲੜਾਈ ਲਈ ਰੱਬ ਨੇ ਜ਼ਾਤ ਈ ਹੋਰ ਬਣਾਈ ਐ। ਆਪਾਂ ਮਹਾਜਨ ਲੋਕ ਕਾਰੋਬਾਰ ਲਈ ਬਣੇ ਆਂ। ਨਾਲੇ ਆਪ ਸੁਖੀ ਨਾਲੇ ਲੋਕ ਸੁਖੀ। ਇਉਂ ਤੀਜੇ ਦਿਨ ਉਸ ਨੇ ਮਠਿਆਈਆਂ ਤੋਂ ਪਰਹੇਜ਼ ਵਾਲਾ ਬੋਰਡ ਲਾਹ ਕੇ ਹਲਵਾਈ ਨਾਲ ਹੱਥ ਮਿਲਾ ਲਿਆ। ਉਹ ਲੜਾਈ ਤਾਂ ਮੁੱਲ ਲੈ ਲੈਂਦਾ, ਪਰ ਲਾਗਡਾਟ ਦੇ ਇਨ੍ਹਾਂ ਦੋ ਤਿੰਨ ਦਿਨਾਂ ਵਿੱਚ ਉਸ ਖਿਲਾਫ ਭੰਡੀ ਪ੍ਰਚਾਰ ਅਸਮਾਨੀ ਪਹੁੰਚ ਜਾਂਦਾ। ਬੰਦ ਬੋਲਚਾਲ ਦੇ ਦੋ ਦਿਨਾਂ ਵਿੱਚ ਹਲਵਾਈ ਨੇ ਵਰਮੇ ਦੀ ਗੱਲ ਬਣਾ ਲਈ ਕਿ ਉਸ ਦਾ ਕੋਈ ਜਾਣੂ ਕੰਨ ਕੋਲ ਅੰਦਰਲੇ ਪਾਸੇ ਦੀ ਸ਼ਿਕਾਇਤ ਲੈ ਕੇ ਆਇਆ। ਪਤਾ ਨਹੀਂ ਸੀ ਲੱਗਦਾ ਕਿ ਜਬਾੜਾ ਹੇਠੋਂ ਦੁਖਦੈ ਜਾਂ ਉਪਰੋਂ। ਵਰਮੇ ਨੇ ਚੈੱਕਅਪ ਕਰ ਕੇ ਉਪਰਲੀ ਸਭ ਤੋਂ ਮਗਰਲੀ ਜਾੜ੍ਹ ਕਢਵਾਉਣ ਦੀ ਸਲਾਹ ਦਿੱਤੀ। ਜਾੜ੍ਹ ਕਢਵਾਉਣ ਤੋਂ ਪੰਜ ਦਿਨ ਤੱਕ ਦਰਦ ਨਾ ਹਟਿਆ। ਦੁਬਾਰਾ ਆਇਆ ਤਾਂ ਵਰਮੇ ਨੇ ਨਾਲ ਦੀ ਜਾੜ੍ਹ ਕੱਢ ਦਿੱਤੀ। ਜਦੋਂ ਫਿਰ ਵੀ ਦਰਦ ਨਾ ਹਟਿਆ ਤਾਂ ਵੱਡੇ ਹਸਪਤਾਲ ਐਕਸਰਾ ਵਗੈਰਾ ਕਰਵਾਏ ਤੋਂ ਪਤਾ ਲੱਗਾ ਕਿ ਇਹ ਜਾੜ੍ਹਾਂ ਦਾ ਨਹੀਂ, ਕੰਨ ਦਾ ਰੋਗ ਐ।

ਉਸ ਬਾਰੇ ਗੱਲਾਂ ਉਡਦੀਆਂ ਰਹਿੰਦੀਆਂ ਸਨ, ਪਰ ਵਰਮਾ ਪ੍ਰਵਾਹ ਨਹੀਂ ਸੀ ਕਰਦਾ। ਉਹ ਆਪਣਾ ਕਿੱਤਾ ਤੋਰੀ ਜਾਂਦਾ ਸੀ। ਉਹ ਅਸਲੀ ਜਾਂ ਨਕਲੀ ਜਿਹੋ ਜਿਹਾ ਵੀ ਡਾਕਟਰ ਸੀ, ਕਾਰੋਬਾਰੀ ਨਹੀਂ ਸੀ। ਬਹੁਤੀ ਹੈਲਪਰਾਂ ਦੀ ਭੀੜ ਨਹੀਂ ਸੀ। ਉਸ ਦਾ ਖਿਆਲ ਸੀ ਕਿ ਬਹੁਤੇ ਹੈਲਪਰਾਂ ਨੂੰ ਤਨਖਾਹ ਦੇਣੀ ਪਵੇਗੀ ਜਿਸ ਦਾ ਬੋਝ ਮਰੀਜ਼ਾਂ ਦੀ ਜੇਬ 'ਤੇ ਪਵੇਗਾ।

ਜ਼ਿੰਦਗੀ ਦਾ ਆਸ਼ਕ ਉਹ ਇਸ ਲਈ ਬਣਿਆ ਰਿਹਾ ਕਿ ਉਹ ਕਿਸੇ ਦੇ ਕਹੇ ਤੋਂ ਬਦਲਿਆ ਨਹੀਂ। ਹਰੇਕ ਦਿਨ ਉਸ ਨੇ ਆਪਣੀ ਮਰਜ਼ੀ ਮੁਤਾਬਕ ਜੀਵਿਆ। ਵਾਹ ਲੱਗੀ ਆਪਣੇ ਕੋਲੋਂ ਦਵਾਈਆਂ ਦਿੰਦਾ ਸੀ। ਉਸ ਦੇ ਜਾਣੂੰ ਪਿੰਡਾਂ ਵਾਲੇ ਦੰਦਾਂ ਦੀਆਂ ਬਿਮਾਰੀਆਂ ਤੋਂ ਇਲਾਵਾ ਫੋੜੇ ਫਿਨਸੀਆਂ ਦੀ ਮੱਲ੍ਹਮ ਪੱਟੀ ਵੀ ਕਰਾ ਲੈਂਦੇ। ਉਹ ਦਵਾਈ ਦਿੰਦਿਆਂ ਹਦਾਇਤ ਕਰਦਾ, "ਕਿਸੇ ਨੂੰ ਦੱਸਿਓ ਨਾ ਕਿ ਵਰਮੇ ਨੇ ਫੋੜਿਆਂ ਦੀ ਦਵਾਈ ਦਿੱਤੀ ਐ। ਮੇਰਾ ਕੰਮ ਦੰਦਾਂ ਦੀਆਂ ਬਿਮਾਰੀਆਂ ਠੀਕ ਕਰਨਾ ਏ। ਆਹ ਮੱਲ੍ਹਮਾਂ ਪੱਟੀਆਂ ਆਲੇ ਕੈਂਚੀਆਂ ਲਈ ਬੈਠੇ ਆ ਥੋਡੀਆਂ ਜੇਬਾਂ ਕੱਟਣ ਨੂੰ। ਜੇ ਕਿਸੇ ਨੂੰ ਪਤਾ ਲੱਗ ਗਿਆ ਮੇਰਾ ਕਾਰੋਬਾਰ ਬੰਦ ਕਰਵਾਉਣ ਲਈ ਜੋਤਾ ਨੀ ਲਾਉਣਾ।" ਮੱਲ੍ਹਮ ਪੱਟੀ ਦੇ ਪੈਸੇ ਨਹੀਂ ਸੀ ਲੈਂਦਾ। ਜੇ ਕਿਸੇ ਨੇ ਪੈਸੇ ਦੇਣ ਲੱਗਣਾ ਤਾਂ ਕਹਿਣਾ, "ਬਾਹਰਲੇ ਮੁਲਖਾਂ ਦਾ ਪਤਾ ਨੀ, ਪਰ ਪੰਜਾਬ ਸਾਡੀ ਧਰਤੀ ਐ। ਇਥੇ ਜਲ ਅਤੇ ਮੱਲ੍ਹਮ ਪੱਟੀ ਭਾਈ ਕਨ੍ਹਈਆ ਜੀ ਦੇ ਕੇ ਗਏ ਐ। ਇਹ ਵੇਚਣ ਵਾਸਤੇ ਨੀਂ ਹੈਗੀਆਂ।"

ਵਰਮਾ ਚੰਗਾ ਸੀ, ਪਰ ਚੰਗਿਆਈ ਵਿਰੋਧ ਵੀ ਸਹਿੰਦੀ ਹੈ। ਉਹ ਇੱਕੋ ਇੱਕ ਅਜਿਹਾ ਬੰਦਾ ਦੇਖਿਆ ਏ ਜਿਹੜਾ ਲੜਦਾ ਵੀ ਸੀ ਅਤੇ ਸੁਲਾਹ ਵੀ ਆਪ ਜਾ ਕੇ ਕਰ ਲੈਂਦਾ ਸੀ। ਸ਼ਹਿਰ ਰਹਿੰਦਾ ਪੇਂਡੂਆਂ ਦਾ ਆੜੀ ਸੀ। ਸਾਗ, ਗੰਨੇ, ਗੁੜ ਪਿੰਡ ਗੇੜਾ ਮਾਰਨ ਗਿਆ ਸਕੂਟਰ 'ਤੇ ਲੱਦੀ ਆ ਜਾਂਦਾ। ਆਪਣੀ ਕਿਸੇ ਰਿਸ਼ਤੇਦਾਰੀ 'ਚੋਂ ਬੇਸ਼ੱਕ ਰਿਹਾ ਹੋਵੇ, ਪਰ ਪਿੰਡਾਂ 'ਚ ਵਿਆਹਾਂ 'ਤੇ ਉਹ ਜ਼ਰੂਰ ਹਾਜ਼ਰ ਹੁੰਦਾ ਸੀ। ਜੇ ਉਸ ਨੇ ਕਿਸੇ ਦੇ ਘਰ ਹੋਣਾ ਤੇ ਅਗਲੇ ਦੇ ਕੋਈ ਮਹਿਮਾਨ ਆਇਆ ਹੁੰਦਾ, ਉਸ ਨੂੰ ਦੇਖ ਕੇ ਮਹਿਮਾਨ ਕਦੇ ਵੀ ਨਹੀਂ ਸੀ ਮੰਨਦਾ ਕਿ ਵਰਮਾ ਡਾਕਟਰ ਹੈ। ਅਗਲੇ ਨੇ ਕੋਈ ਰਾਇ ਪੁੱਛਣੀ ਤਾਂ ਵਰਮੇ ਨੇ ਦਵਾਈ ਦੱਸਣ ਦੀ ਥਾਂ ਨਿੰਮ ਦੀ ਦਾਤਣ ਕਰਨ ਨੂੰ ਕਹਿਣਾ।

"ਦਾਤਣਾਂ ਕਰਿਆ ਕਰੋ। ਆਹ ਪੇਸਟ ਜਿਹੇ ਅੰਗਰੇਜ਼ਾਂ ਵਾਸਤੇ ਬਣੇ ਐ। ਆਪਾਂ ਨੂੰ ਨਿੰਮ, ਕਿੱਕਰ ਈ ਠੀਕ ਰਹਿੰਦੇ ਆ। ਜੇ ਫਿਰ ਵੀ ਨਾ ਠੀਕ ਹੋਏ ਤਾਂ ਵਰਮੇ ਦੇ ਜਮੂਰ ਹੈਗੇ।" ਟਾਵੇਂ ਟਾਵੇਂ ਬੰਦੇ ਲੋਕਾਂ ਨੂੰ ਯਾਦ ਰਹਿੰਦੇ ਹਨ, ਨਹੀਂ ਤਾਂ ਹੋ ਹੋ ਦੁਨੀਆ ਚਲੀ ਜਾਂਦੀ ਹੈ। ਯਾਦ ਰਹਿਣ ਵਾਲਿਆਂ 'ਚੋਂ ਇੱਕ ਸੀ ਡਾਕਟਰ ਵਰਮਾ।

# ਸਾਖੀ ਪੂਰਨ ਸਾਧੂ ਅਤੇ ਦੋ ਚੇਲੇ



ਕਰਨੈਲ ਸਿੰਘ ਟੋਰਾਂਟੋ
416-746-7642

ਇਕ ਸਾਧੂ ਪਾਸ ਦੋ ਸੇਵਕ ਚੇਲੇ ਸੇਵਾ ਕਰਦੇ ਸਨ, ਤਾਂ ਇਕ ਦਿਨ ਸਾਧੂ ਨੇ ਪ੍ਰੀਖਿਆ ਲੈਣੀ ਚਾਹੀ ਕਿ ਇਨ੍ਹਾਂ ਨੂੰ ਕਸਵੱਟੀ 'ਤੇ ਲਾਕੇ ਦੇਖੀਏ ਫੇਰ ਅੰਤ ਸਮੇਂ ਇਕ ਨੂੰ ਡੇਰੇ ਦੀ ਜ਼ਿੰਮੇਵਾਰੀ ਵੀ ਸੰਭਾਲਨੀ ਹੈ। ਸਾਧੂ ਨੇ ਦੋਹਾਂ ਨੂੰ ਇਕ-ਇਕ ਕਬੂਤਰ ਦਿੱਤਾ ਅਤੇ ਕਿਹਾ ਇਨ੍ਹਾਂ ਨੂੰ ਉਥੇ ਮਾਰ ਕੇ ਲਿਆਓ ਜਿੱਥੇ ਕੋਈ ਨ ਦੇਖੇ ਅਤੇ ਅਲਹਿਦਾ ਅਲਿਹਦਾ ਭੇਜੇ ਕੱਠੇ ਨਹੀਂ ਭੇਜੇ, ਇਕ ਲੜਕੇ ਨੇ ਜੰਗਲ ਵਿਚ ਜਾਕੇ ਚਰੀ ਦੇ ਖੇਤ ਵਿਚ ਵੜਕੇ ਦੇਖਿਆ ਕਿ ਇਥੇ ਕੋਈ ਨਹੀਂ ਦੇਖਦਾ ਕਬੂਤਰ ਮਾਰ ਕੇ ਲੈ ਆਂਦਾ, ਸਾਧੂ ਨੇ ਪੁਛਿਆ ਕਿਥੇ ਮਾਰਿਆ ਸੀ ਚੇਲੇ ਨੇ ਕਿਹਾ ਕਿ ਚਰੀ ਦੇ ਖੇਤ ਵਿਚ ਮਾਰਿਆ ਚਰੀ ਆਦਮੀ ਕੱਦ ਨਾਲੋਂ ਵੀ ਜ਼ਿਆਦਾ ਵਧੀ ਸੀ ਮੈਂ ਸੋਚਿਆ ਕੇ ਏਥੇ ਕੋਈ ਨਹੀਂ ਦੇਖਦਾ ਉਸ ਥਾਂ 'ਤੇ ਮਾਰਿਆ ਹੈ। ਇਤਨੇ ਨੂੰ ਦੂਜਾ ਵੀ ਆ ਜਾਂਦਾ ਹੈ, ਉਸ ਨੇ ਕਬੂਤਰ ਮਾਰਿਆ ਨਹੀਂ ਜਿੰਦਾ ਲੈ ਆਇਆ ਸਾਧੂ ਨੇਂ ਕਿਹਾ ਤੈਂ ਮੇਰੇ ਹੁਕਮ ਦੀ ਪਾਲਣਾ ਨਹੀਂ ਕੀਤੀ ਕੀ ਗੱਲ ਹੈ ਡੇਰੇ ਤੇ ਰਹਿਣ ਦੀ ਸਲਾਹ ਨਹੀਂ, ਹੁਕਮੁ ਅਦੂਲੀ ਕੀਤੀ ਹੈ। ਲੜਕੇ ਨੇ ਨਿਮਰਤਾ ਸਹਿਤ ਦੋਵੇਂ ਹੱਥ ਜੋੜ ਕੇ ਗੁਰੂ ਦੇਵ ਦੇ ਚਰਨਾ 'ਤੇ ਮਸਤਕ ਰੱਖ ਦਿੱਤਾ ਅਤੇ ਕਿਹਾ ਸੁਆਮੀ ਜੀ ਮੈਂ ਬਹੁਤ ਟਿਕਾਣੇ ਦੇਖੇ ਕਿ ਜਿੱਥੇ ਕੋਈ ਨਾ ਦੇਖੇ ਮੈਂ ਪਹਾੜਾਂ ਦੀਆਂ ਕੰਧਰਾਂ ਵਿਚ ਗਿਆ ਅਤੇ ਬਹੁਤ ਵਧੀਆ ਫਸਲਾਂ ਵਿਚ ਗਿਆ ਚਰੀ, ਕਮਾਦ ਬਾਜਰਾ ਆਦਿਕ, ਜਿਸ ਵੇਲੇ ਮੈਂ ਇਸ ਨੂੰ ਮਾਰਨਾ ਚਾਹਿਆ ਤੁਹਾਡਾ ਬਚਨ ਯਾਦ ਆਇਆ ਕਿ ਸੁਆਮੀ ਜੀ ਨੇ ਕਿਹਾ ਸੀ ਕਿ ਉਥੇ ਮਾਰਕੇ ਲਿਆਈ ਜਿੱਥੇ ਕੋਈ ਨਾ ਦੇਖੇ, ਪਰ ਮੈਂ ਸੋਚਿਆ ਕਿ ਦੁਨੀਆਂ ਤਾਂ ਨਹੀਂ ਦੇਖਦੀ, ਪਰ ਰੱਬ ਤਾਂ ਦੇਖਦਾ ਹੈ, ਜੋ ਆਪ ਪ੍ਰਬਚਨ ਕਰਦੇ ਹੋ ਕਿ ਪ੍ਰਮਾਤਮਾ ਪਰੀ ਪੂਰਨ ਹੈ ਹਰਿ ਇਕ ਜੀਵ ਦੇ ਅੰਦਰ ਅਤੇ ਬਾਹਰ ਹਰ ਜਗ੍ਹਾ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰ॥

ਰੱਬ ਵੀ ਦੇਖਦਾ ਹੈ ਅਤੇ ਕਬੂਤਰ ਵੀ ਤਾਂ ਦੇਖੇਗਾ ਜਦ ਮਾਰੇਂਗਾ। ਸੁਆਮੀ ਜੀ ਜੋ ਦਾਸ ਨੇ ਆਪ ਜੀ ਤੋਂ ਕਥਾ ਵਾਰਤਾ ਸੁਣੀ ਸੀ, ਉਨ੍ਹਾਂ ਪ੍ਰਬਚਨਾਂ ਦੀ ਉਲੰਘਣਾ ਹੁੰਦੀ ਸੀ, ਮੈਂ ਇਸ ਕਰਕੇ ਮਾਰ ਨਹੀਂ ਸਕਿਆ ਸਾਧੂ ਨੇ ਅਤਿ ਪ੍ਰਸੰਨ ਹੋ ਕੇ ਸਿਰਪਾਉ ਦੇ ਕੇ ਡੇਰੇ ਦੀ ਗੱਦੀ 'ਤੇ ਬਿਠਾ ਦਿੱਤਾ।

ਰਾਮ ਕਲੀ ਮਹਲਾ ੫॥ (ਪੰਨਾ ੮੯੬)
ਬਿਨੁ ਗੁਰ ਪੂਰੇ ਨਾਹੀ ਉਧਾਰੁ॥ ਬਾਬਾ ਨਾਨਕੁ ਆਖੈ ਏਹੁ ਬੀਚਾਰ॥੨॥

ਅਰਥ: ਗੁਰੂ ਜੀ ਕਥਨ ਕਰਦੇ ਹਨ - ਕਿ ਬਾਬਾ ਨਾਨਕੁ ਉਤਮ ਵੀਚਾਰ ਕਹਿੰਦੇ ਹਨ, ਕਿ ਪੂਰਿਆਂ ਗੁਰਾਂ ਤੋਂ ਬਿਨਾਂ ਜੀਵ ਦਾ ਉਧਾਰ ਨਹੀਂ ਹੁੰਦਾ॥੨॥ ਤਥਾ: ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਗਤਿ ਨਹੀ ਛੁਟਕਾਰਾ॥
ਸੋ ਹਰਿ ਭਜਨੁ ਸਾਧ ਕੈ ਸੰਗਿ॥ ਮਨੁ ਤਨੁ ਰਾਪੈ ਹਰਿ ਕੈ ਰੰਗਿ॥੩॥

(ਪੰਨਾ ੮੯੧)

ਅਰਥ: ਗੁਰ ਉਪਦੇਸੁ ਲੈਕੇ ਨਾਮਰਸ ਨੂੰ ਪੀਵਹੁ ਤਾਂ ਤੇਰਾ ਜੀਉ ਅੰਤਹਕਰਨ ਨਿਰਮਲ ਹੋ ਜਾਵੇਗਾ॥੩॥
ਵੇਦਾ, ਸਾਸਤ੍ਰਾਂ ਅਤੇ ਪੁਰਾਣਾਂ ਦੁਆਰਾ ਸੋਧਿਆ ਹੈ,
ਅਤੇ ਆਪਣੇ ਅਨਭਵ ਦੁਆਰੇ ਭੀ ਵੀਚਾਰਿਆ ਹੈ।
ਹਰੀ ਦੀ ਭਗਤੀ ਤੋਂ ਬਿਨਾ ਛੁਟਕਾਰਾ ਨਹੀਂ ਹੁੰਦਾ।
ਸੋ ਹਰਿ ਭਜਨੁ ਸਾਧ ਕੇ ਸੰਗਿ॥ ਮਨੁ ਤਨੁ ਰਾਪੈ ਹਰਿ ਕੇ ਰੰਗਿ॥੩॥
(ਪੰਨਾ ੮੯੧)

ਅਰਥ: ਉਹ ਹਰੀ ਦਾ ਭਜਨ ਸੰਤਾਂ ਦੇ ਸੰਗ ਵਿਚ ਹੁੰਦਾ ਹੈ, ਸੰਤਾਂ ਦੀ ਸਿੱਖਿਆ ਦੁਆਰਾ ਜਦੋਂ ਜਗਿਆਸੂ ਨਾਮ ਸਿਮਰਦਾ ਹੈ ਤਾਂ ਮਨ ਤਨ ਹਰੀ ਦੇ ਰੰਗ ਵਿਚ ਰੰਗਿਆ ਜਾਂਦਾ ਹੈ।

ਹੇਠ ਲਿਖੇ ਸ਼ਬਦਾਂ ਦੁਆਰਾ ਸਤਿਗੁਰੂ ਨਾਨਕ ਦੇਵ ਮਹਾਰਾਜ ਜੀ ਗੋਪਾਲ ਪੰਡਿਤ ਕਾਂਸੀ ਬਨਾਰਸ ਵਾਲੇ ਦੀ ਬੇਨਤੀ ਤੇ ਚਾਰਾਂ ਵਰਨਾ = ਖੱਤਰੀ, ਬ੍ਰਾਹਮਣ, ਵੈਸ਼ ਤੇ ਸੂਦ੍ਰ ਦਾ ਆਪੋ ਆਪਣਾ ਧਰਮ ਦਸਦੇ ਹਨ।

ਸਲੋਕ ਸਹਸ ਕ੍ਰਿਤੀ ਮਹਲਾ ੧॥
ਜੋਗ ਸਬਦੰ ਗਿਆਨ ਸਬਦੰ ਬੇਦ ਸਰਦੰਤ ਬ੍ਰਾਹਮਣਹ॥
ਖੁਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥

ਅਰਥ: ਜੋਗ = ਜੁੜਨ ਵਾਲੇ ਸਾਧੂ ਸੰਤ ਹਨ, ਉਨ੍ਹਾਂ ਦਾ ਧਰਮ ਹੈ, ਸ੍ਵੈ ਸਰੂਪ ਦਾ ਗਿਆਨ ਹੋਣਾ ਸਬਦੰ = ਗੁਰੂ ਉਪਦੇਸ਼ ਦਾ ਗਿਆਨ ਦੇਣਾ।

ਅਥਵਾ: ਜੋਗ = ਤੋਂ ਭਾਵੀ ਜੋਗੀ ਜੁੜਨ ਵਾਲਾ, ਇਨ੍ਹਾਂ ਤੋਂ ਛੇ ਧਰਮ ਖਟ ਦਰਸ਼ਨ ਹਨ: ਜੋਗੀ, ਜੰਗਮ, ਸਰੇਵੜੇ, ਸਨਿਆਸੀ, ਦਰਵੇਸ਼।

ਛੇਵਾਂ ਵਿਪਰ ਹੈ। ਜਿਹੜਾ ਸਵੈ ਸਰੂਪ ਦਾ ਗਿਆਨ ਹੋਣਾ ਹੈ ਅਤੇ ਉਪਦੇਸ਼ ਵੀ ਇਕ ਗਿਆਨ ਦਾ ਦੇਣਾ ਹੈ।

ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ॥
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥੩॥
(ਪੰਨਾ ੧੩੫੩)

ਅਰਥ: ਬ੍ਰਾਹਮਣਾ ਦਾ ਧਰਮ ਹੈ = ਵੇਦਾਂ ਦਾ ਪੜ੍ਹਨਾ ਵੇਦ ਪੜ੍ਹਾਉਣਾ, ਯੱਗ ਕਰਨਾ, ਯੱਗ ਕਰਾਉਣਾ, ਦਾਨ ਦੇਣਾ, ਦਾਨ ਲੈਣਾ ਅਤੇ ਸੰਧਿਆ, ਇਸ਼ਨਾਨ, ਜਪ, ਹੋਮ, ਦੇਵ ਅਰਚਾ, ਅਤੇ ਅਤਿਥ ਪੂਜਾ, ਇਹ ਛੇ ਕਰਮ ਕਰਨੇ ਹੀ ਬ੍ਰਾਹਮਣ ਦਾ ਕਰਮ ਹੈ।

ਖੱਤਰੀ ਛੱਤਰੀ ਦਾ ਧਰਮ ਹੈ, ਸੂਰਮਤਾ ਹੋਣੀ ਅਤੇ ਉਪਦੇਸ਼ ਵੀ ਸੂਰਬੀਰਤਾ ਦਾ ਦੇਣਾ।

ਤਥਾ: ਸਵੈਯਾ॥ ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ॥
ਅਹੁ ਅਉਰ ਜੰਜਾਰ ਜਿਤੋ ਗ੍ਰਿਹਿ ਕੋ ਤੁਹਿ ਤਿਆਗ ਕਹਾ ਚਿਤਤਾ ਮੈ ਧਰੋ॥
ਅਬ ਰੀਝ ਕੈ ਦੇਹੁ ਵੈ ਹਮ ਕਉ ਜੋਊ ਹਉ ਬਿਨਤੀ ਕਰ ਜੋਰ ਕਰੋ॥
ਜਬ ਆਉ ਕੀ ਅਉਧ ਨਿਧਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ॥
ਪੰਨਾ ੫੭੦ = ਦਸਮ ਗ੍ਰੰਥ ਕ੍ਰਿਸ਼ਨਾ ਅਵਤਾਰ
ਤਥਾ: ਸਵੈਯਾ॥ ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹ ਤਨ, ਬੁੱਧਿ ਸੁ ਦੀਪਕ ਜਿਉ ਉਜੀਆਰਾ॥
ਗਿਆਨਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥
ਦਸਮ ਗ੍ਰੰਥ (ਪੰਨਾ ੫੭੦)
ਤਥਾ: ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸ਼ਚੈ ਕਰ ਆਪਨੀ ਜੀਤ ਕਰੋਂ॥
ਜਬ ਆਵ ਕੀ ਅਉਧ ਨਿਧਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋਂ॥
ਦਸਮ ਗ੍ਰੰਥ ਚੰਡੀ ਚਰਿਤ੍ਰ॥ (ਪੰਨਾ ੨੩੧)
ਸੂਦ੍ਰ ਸਬਦੰ ਪਰਾ ਕ੍ਰਿਤਹ॥ ਸਰਬ ਸਬਦੰਤ ਏਕ ਸਬਦੰ ਜੋ ਕੋ ਜਾਨਿਸਿ ਭੇਉ॥ ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਉ॥੩॥

ਅਰਥ: ਸੂਦਰ ਦਾ ਅਸਾਧਾਰਨ ਧਰਮ ਪਰਾਈ ਕ੍ਰਿਤ ਕਰਨੀ ਭਾਵ ਨੌਕਰੀ ਵਗੈਰਾ ਕਰਨੀ ਹੈ।

ਵੈਸ਼ ਦਾ ਧਰਮ = ਧਰਮ ਦੀ ਕ੍ਰਿਤ ਵਣਜ ਆਦਿਕ ਜਾਂ ਖੇਤੀਬਾੜੀ ਕਰਨੀ। ਪਸ਼ੂ ਪਾਲਨ ਆਦਿਕ ਵੈਸ਼ ਦਾ ਅਸਧਾਰਮ ਧਰਮ ਹੈ। ਸਾਰਿਆਂ ਦਾ ਸਾਂਝਾ ਸਬਦੰਤ = ਧਰਮ ਇਹ ਹੈ ਜਿਹੜਾ ਇਕ ਸਬਦੰ = ਬ੍ਰਹਮ ਜਾਨਣਾ ਹੈ, ਜੋ ਮਨੁੱਖ ਗੁਰੂਦੁਆਰੇ ਬ੍ਰਹਮ ਦੀ ਪ੍ਰਾਪਤੀ ਦੇ ਭੇਉ = ਭੇਦ ਨੂੰ ਜਾਣਦਾ ਹੈ। ਗੁਰੂ ਜੀ ਕਥਨ ਕਰਦੇ ਹਨ ਉਹ ਨਿਰੰਜਨ ਦੇਵ ਦਾ ਸਰੂਪ ਹੀ ਹੁੰਦਾ ਹੈ, ਜਿਹੜਾ ਕੋਈ ਉਸ ਦਾ ਦਾਸ ਹੁੰਦਾ ਹੈ, ਉਹ ਸੰਸਾਰ ਤੋਂ ਤਰ ਜਾਂਦਾ ਹੈ। ਭਾਵ ਉਹ ਬ੍ਰਹਮ ਗਿਆਨੀ ਦਾ ਜੋ ਦਾਸ ਹੈ, ਉਹ ਨਿਰੰਜਨ ਦੇਵ ਦਾ ਸਰੂਪ ਹੈ॥੩॥
ਏਕ ਕ੍ਰਿਸੰਤ ਸਰਬ ਦੇਵਾ ਦੇਵ ਦੇਵਾ ਤ ਆਤਮਹ॥
ਆਤਮੰ ਸ੍ਰੀ ਬਾਸ੍ਵ ਦੇਵਸ੍ਵ ਜੇ ਕੋਈ ਜਾਨਸਿ ਭੇਵ॥

ਅਰਥ: ਆਤਮੰ = ਜੀਵ, ਸ੍ਰੀ ਸੁਭਾਇਮਾਨ ਬਾਸਾ ਦੇਣ ਵਾਲਾ ਜੋ ਪਰਮਾਤਮਾ ਅਸ਼ = ਹੈ, ਉਸਦਾ ਸਰੂਪ ਹੈ।
ਯਥਾ: ਕਹੁ ਕਬੀਰ ਇਹੁ ਰਾਮ ਕੀ ਅੰਸੁ॥
ਜਸ ਕਾਗਦਪਰ ਮਿਟੈ ਨ ਮੰਸੁ॥
(ਪੰਨਾ ੮੭੧)
ਤਥਾ: ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨ੍ਹਸਿ ਗੁਰ ਬੀਚਾਰਾ॥
(ਪੰਨਾ ੧੧੫੩)
ਤਥਾ: ਮਨ ਤੂੰ ਜੋਤਿ ਸਰੂਪ ਹੈ ਆਪਦਾ ਮੂਲ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥
(ਪੰਨਾ ੪੪੧)

ਜਿਸ ਤਰ੍ਹਾਂ ਪਾਣੀ ਦਾ ਘੜਾ ਸਮੁੰਦ੍ਰ ਵਿਚੋਂ ਭਰ ਲਿਆ ਘੜੇ ਵਿਚ ਬੰਦ ਹੋਣ ਕਰਕੇ ਉਸਦੀ ਤਾਕਤ ਸਮੁੰਦ੍ਰ ਜੈਸੀ ਨਹੀਂ ਰਹਿੰਦੀ। ਪਰ ਹੈ ਉਹ ਪਾਣੀ ਘੜੇ ਵਾਲਾ ਸਮੁੰਦ੍ਰ ਦਾ ਰੂਪ ਹੀ ਪਰ ਅਲਹਦਾ ਹੋਣ ਕਰਕੇ ਉਸ ਦੀ ਤਾਕਤ ਸਮੁੰਦ੍ਰ ਦੇ ਸਾਹਮਣੇ ਕੁਝ ਵੀ ਨਹੀਂ ਹੈ, ਜੇਕਰ ਉਸ ਘੜੇ ਦੇ ਪਾਣੀ ਨੂੰ ਘੜਾ ਤੋੜਕੇ ਸਮੁੰਦ੍ਰ ਵਿਚ ਸੁੱਟ ਦੇਈਏ ਤਾਂ ਉਹ ਪਾਣੀ ਸਮੁੰਦ੍ਰ ਦਾ ਰੂਪ ਹੀ ਬਣ ਜਾਵੇਗਾ ਅਲਹਿਦਾ ਨਹੀਂ ਦਿੱਸੇਗਾ। ਇਸੇ ਤਰ੍ਹਾਂ ਜੀਵ ਆਤਮਾਂ ਪਾਰਬ੍ਰਹਮ ਦੇ ਵਿਚੋਂ ਹੀ ਵਿਛੜਕੇ ਆਇਆ ਹੈ। ਪਾਰਬ੍ਰਹਮ ਦਾ ਹੀ ਰੂਪ ਹੈ ਪਰ ਅਲਹਦਾ ਹੋਣ ਕਰਕੇ ਇਕ ਬੂੰਦ ਦੀ ਨਿਆਈਂ ਇਸ ਦੀ ਤਾਕਤ ਬਹੁਤ ਘੱਟ ਹੈ ਕੁਝ ਵੀ ਨਹੀਂ, ਜਿਸ ਵੇਲੇ ਗੁਰ ਉਪਦੇਸ਼ ਦੀ ਕਮਾਈ ਕਰਕੇ ਸਿਮਰਨ ਕਰਕੇ ਗੁਰਮੁਖ = ਗੁਰਾਂ ਦੀ ਕ੍ਰਿਪਾ ਕਰਕੇ ਜੀਵ ਆਤਮਾ ਨੂੰ ਆਪਣਾ ਗਿਆਨ ਹੋ ਜਾਵੇ, ਇਸ ਦੀ ਭੁੱਲ ਦੂਰ ਹੋ ਜਾਵੇ, ਮਲ, ਆਵਰਨ, ਅਵਸ਼ੇਖ, ਦੀ ਕਾਈ = ਮੈਲ ਲੱਥ ਜਾਵੇ ਭਰਮ ਦਾ ਨਾਸ ਹੋ ਜਾਵੇ ਤਾਂ ਇਸ ਨੂੰ ਗਿਆਨੁ ਦੀ ਰੋਸ਼ਨੀ ਦੁਆਰਾ ਪੂਰਨ ਗੁਰੂ ਪਾਰਬ੍ਰਹਮ ਵਿਚ ਅਭੇਦ ਕਰਨ ਵਿਚ ਸਹਾਇਤਾ ਕਰਦੇ ਹਨ। ਉਹ ਜਗਿਆਸੂ ਪਾਰਬ੍ਰਹਮ ਦਾ ਰੂਪ ਹੀ ਹੋ ਜਾਂਦਾ ਹੈ। ਜਿਹੜਾ ਪੁਰਸ਼ ਇਸ ਤਰ੍ਹਾਂ ਦੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰ ਲੈਂਦਾ ਹੈ।
ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ॥੪॥
(ਪੰਨਾ ੧੩੫੩)

ਗੁਰੂ ਨਾਨਕ ਦੇਵ ਜੀ ਮਹਾਰਾਜ ਕਥਨ ਕਰਦੇ ਹਨ:- ਉਹ ਨਿਰੰਜਨ ਦੇਵ ਪਰਮਾਤਮਾ ਦਾ ਰੂਪ ਹੈ। ਉਸ ਪੁਰਖ ਦੀ ਨਿਗ੍ਹਾ ਵਿਚ ਦੁਵੰਦਵਾਦ ਨਹੀਂ ਹੈ॥੪॥

ਇਹ ਚਤਰ ਸਲੋਕੀ ਗੀਤਾ ਦਾ ਉਪਦੇਸ਼ ਦੇ ਕੇ ਗੁਰੂ ਜੀ ਨੇ ਪੰਡਿਤ ਗੁਪਾਲ ਦੱਤ ਨੂੰ ਗਿਆਨ ਕਰਾਇਆ ਸੀ।
ਗੋਂਡ॥

ਉਥਾਨਕਾ: ਕਬੀਰ ਜੀ ਜੀਵ ਆਤਮਾ ਦੇ ਸਬੰਧ ਵਿਚ ਦਸਦੇ ਹਨ ਕਿ ਇਸ ਸਰੀਰ ਘਰ ਵਿਚ ਕੌਣ ਵਸਦਾ ਭਾਵ ਰਹਿੰਦਾ ਹੈ, ਮਾਨੁਖ ਹੈ ਜਾਂ ਕੋਈ ਦੇਵਤਾ ਜਾਂ ਕੋਈ ਹੋਰ ਜੋਗੀ, ਗ੍ਰਸਤੀ, ਆਦਿਕ ਵਿਚੋਂ ਕੋਈ ਨਹੀਂ ਹੈ।
ਨਾ ਇਹੁ ਮਾਨਸੁ ਨਾ ਇਹੁ ਦੇਉ॥ ਨਾ ਇਹੁ ਜਤੀ ਕਹਾਵੈ ਸੇਉ॥
ਨਾ ਇਹੁ ਜੋਗੀ ਨਾ ਅਵਧੂਤਾ॥ ਨਾ ਇਸੁ ਮਾਇਨ ਕਾਹੂ ਪੂਤਾ॥੧॥ ੮੭੧

ਅਰਥ: ਨਾ ਇਹ ਮਨੁੱਖ ਹੈ, ਨਾ ਇਹ ਦੇਵਤਾ ਹੈ ਨਾ ਇਹ ਜਤੀ ਹੈ ਨਾ ਹੀ ਸੇਵਾ ਕਰਨ ਵਾਲਾ ਸੇਵਕ ਹੈ ਅਤੇ ਨਾ ਹੀ ਜੋਗੀ ਹੈ ਨਾ ਹੀ ਅਵਧੂਤਾ = ਵਿਰੱਕਤ ਸਾਧੂ ਹੈ। ਨਾ ਇਸ ਦੀ ਮਾਤਾ ਹੈ ਨਾ ਹੀ ਇਹ ਕਿਸੇ ਦਾ ਪੁੱਤਰ ਹੈ।
ਯਥਾ: ਨਾ ਤਾਤ ਹੈ ਨਾ ਮਾਤ ਹੈ ਅਖਯਾਨ ਅਖੰਡ ਰੂਪ ਹੈ। ਦਸਮ ਗ੍ਰੰਥ ੨॥
ਨਾ ਜਾਤ ਹੈ ਨਾ ਪਾਤ ਹੈ ਨ ਚਿਤ੍ਰ ਚਿਹਨ ਬਰਨ ਹੈ। ਦਸਮ ਗ੍ਰੰਥ ਪੰਨਾ ੨੯॥
ਇਆ ਮੰਦਰ ਮਹਿ ਕੌਨ ਬਸਾਈ॥ ਤਾ ਕਾ ਅੰਤੁ ਨ ਕੋਊ ਪਾਈ॥ ਰਹਾਉ॥
ਨਾ ਇਹੁ ਗਿਰਹੀ ਨਾ ਉਦਾਸੀ॥ ਨਾ ਇਹੁ ਰਾਜ ਨ ਭੀਖ ਮੰਗਾਸੀ॥
ਨਾ ਇਸੁ ਪਿੰਡ ਨਾ-ਰਕਤੂ ਰਾਤੀ॥ ਨਾ ਇਹੁ ਬ੍ਰਹਮਨੁ ਨਾ ਇਹ ਖਾਤੀ॥੨॥

ਅਰਥ: ਜੋ ਇਸ ਸਰੀਰ ਵਿਚ ਵਸਦਾ ਹੈ ਉਸ ਦਾ ਕੋਈ ਅੰਤ ਨਹੀਂ ਹੈ। ਨਾ ਇਹ ਗ੍ਰਿਹਿਸਤੀ ਹੈ, ਨਾ ਹੀ ਉਦਾਸੀ ਹੈ, ਨਾ ਰਾਜਾ ਹੈ ਨਾ ਹੀ ਇਹ ਭਿਖਿਆ ਮੰਗਣ ਵਾਲਾ ਭਿਖਾਰੀ ਹੈ। ਨਾ ਇਸੁ ਦਾ ਪਿੰਡ = ਸਰੀਰ ਹੈ ਅਤੇ ਨਾ ਹੀ ਰਾਤੀ = ਰੱਤੀ ਜਿੰਨਾ ਰਕਤੂ = ਲਹੂ ਹੈ। ਨਾ ਇਹ ਬ੍ਰਾਹਮਣ ਹੈ ਅਤੇ ਨਾ ਹੀ ਖਤਰੀ ਹੈ॥ ਨ ਤਰਖਾਣ ਹੈ॥
ਨਾ ਇਹੁ ਤਪਾ ਕਹਾਵੈ ਸੇਖੁ॥
ਨਾ ਇਹੁ ਜੀਵੈ ਨ ਮਰਤਾ ਦੇਖੁ॥
ਇਸੁ ਮਰਤੇ ਕਉ ਜੇ ਕੋਊ ਰੋਵੈ॥ ਜੋ ਰੋਵੈ ਸੋਈ ਪਤਿ ਖੋਵੈ॥੩॥

ਅਰਥ: ਨਾ ਇਹ ਤਪਾ ਤਪੱਸਵੀ ਕਹਾਉਂਦਾ ਹੈ, ਨਾ ਇਹ ਮੁਸਲਮਾਲ ਸ਼ੇਖ ਕਹਾਉਂਦਾ ਹੈ। ਜੋ ਇਸ ਨੂੰ ਮਰਿਆ ਸਮਝਕੇ ਰੋਂਦਾ ਹੈ। ਉਹ ਪੁਰਸ਼ ਵਿਦ-ਵਾਨਾ ਦੀ ਸਭਾ ਵਿਚ ਆਪਣੀ ਪੱਤ ਖੋਂਦਾ ਹੈ॥੩॥
ਗੁਰ ਪ੍ਰਸਾਦਿ ਮੈ ਡਗਰੋ ਪਾਇਆ॥
ਜੀਵਨ ਮਰਨੁ ਦੋਊ ਮਿਟਵਾਇਆ॥
ਕਹੁ ਕਬੀਰ ਇਹੁ ਰਮਾ ਕੀ ਅੰਸੁ॥ ਜਸ ਕਾਗਦ ਪਰ ਮਿਟੇ ਨ ਮੰਸੁ॥੪॥
(ਪੰਨਾ ੮੭੧)

ਅਰਥ: ਕਬੀਰ ਜੀ ਕਹਿੰਦੇ ਹਨ ਕਿ ਜੋ ਸਰੀਰ ਵਿਚ ਵਸ ਰਿਹਾ ਹੈ ਇਹ ਰਾਮ ਦੀ ਅੰਸ ਹੈ ਭਾਵ ਰਾਮ ਦਾ ਸਰੂਪ ਹੈ। ਜਿਸ ਤਰ੍ਹਾਂ ਕਾਗਜ਼ ਉਤੇ ਸਿਆਹੀ ਲਿਖੀ ਮਿਟਦੀ ਨਹੀਂ। ਇਸੇ ਤਰ੍ਹਾਂ ਉਹ ਜੀਵ ਆਤਮਾ ਮਿਟਦੀ ਨਹੀਂ ਭਾਵ ਮਰਦੀ ਨਹੀਂ, ਪ੍ਰਮਾਤਮਾ ਦੇ ਹੁਕਮ ਅਨੁਸਾਰ ਆਪਣੇ ਕੀਤੇ ਕਰਮਾਂ ਕਰਕੇ ਅੱਗੇ ਹੋਰ ਸਰੀਰ ਵਿਚ ਦਾਖਲ ਹੁੰਦੀ ਹੈ। ਜਦੋਂ ਪੂਰਨ ਗੁਰਾਂ ਗੁਰਮੁਖਾਂ ਦਾ ਮਿਲਾਪ ਹੋਵੇ ਮਨੁੱਖਾਂ ਦੇਹੀ ਵਿਚ, ਗੁਰਉਪਦੇਸ਼ ਦੀ ਕਮਾਈ ਕਰਕੇ ਪਾਰਬ੍ਰਹਮ ਦੇ ਵਿਚ ਅਭੇਦ ਹੋ ਜਾਂਦੀ ਹੈ ਲੀਨ ਹੋ ਜਾਂਦੀ ਹੈ।
ਯਥਾ: ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥ ਸੁਖਮਨੀ
(ਪੰਨਾ ੨੭੮)
ਤਥਾ: ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥
ਬਿਲਾਵਲ ਮਹਲਾ ੫ (੮੪੬)
ਤਥਾ: ਹਰਿ ਕਾ ਸੇਵਕ ਸੋ ਹਰਿ ਜੇਹਾ॥
ਭੇਦ ਨ ਜਾਣਹੁ ਮਾਣਸ ਦੇਹਾ॥
ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ॥੮॥
ਮਾਰੂ ਮਹਲਾ ੫॥ ਪੰਨਾ ੧੦੭੬
ਗਉੜੀ ਸੁਖਮਨੀ ਮ: ੫॥
ਕੋਟਿ ਕਰਮ ਕਰੈ ਹਉ ਧਾਰੇ॥ ਸ੍ਰਮੁ ਪਾਵੈ ਸਗਲੇ ਬਿਰਥਾਰੇ॥
ਅਨਿਕ ਤਪਸਿਆ ਕਰੇ ਅਹੰਕਾਰ॥
ਨਰਕ ਸੁਰਗ ਫਿਰ ਫਿਰਿ ਅਵਤਾਰ॥

ਅਰਥ: ਇਹ ਜੀਵ ਕ੍ਰੋੜਾਂ ਕਰਮ ਕਰਦਾ ਹੈ ਆਪਣੇ ਭੱਲੇ ਲਈ ਫੇਰ ਹੰਕਾਰ ਕਰਦਾ ਹੈ, ਹੰਕਾਰ ਦੇ ਕਰਨ ਨਾਲ ਸਾਰੇ ਸ਼ੁਭ ਕਰਮ ਕੀਤੇ ਬਿਰਥਾਰੇ = ਬਿਰਥੇ ਚਲੇ ਜਾਂਦੇ ਹਨ। ਜੋ ਮਨੁਖ ਅਨੇਕ ਤਰ੍ਹਾਂ ਦੀ ਤਪਸਿਆ ਕਰ ਕੇ ਹੰਕਾਰ ਕਰਦਾ ਹੈ। ਉਹ ਮੁੜ ਮੁੜ ਕੇ ਨਰਕ ਸੁਰਗ ਵਿਚ ਅਵਤਾਰ ਧਾਰਦਾ ਹੈ। ਸਾਡੇ ਪ੍ਰਚਾਰਕ ਕਹਿੰਦੇ ਹਨ, ਸਿੱਖਾਂ ਦਾ ਨਰਕ ਸਵਰਗ ਨਾਲ ਕੋਈ ਸਬੰਧ ਨਹੀਂ ਕਹਿੰਦੇ ਇਹ ਤਾਂ ਹਿੰਦੂਆਂ ਲਈ ਹਨ, ਸਾਡੇ ਲਈ ਸਿੱਧਾ ਸਚਖੰਡ ਹੈ।
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥ ਹਰਿ ਦਰਗਹ ਕਹੁ ਕੈਸੇ ਗਵੈ॥
ਆਪਸ ਕਉ ਜੋ ਭਲਾ ਕਹਾਵੈ॥ ਤਿਸਹਿ ਭਲਾਈ ਨਿਕਟਿ ਨ ਆਵੈ॥

ਅਰਥ: ਅਨੇਕ ਜਤਨ ਕਰਕੇ ਵੀ ਜਿਸ ਦਾ ਮਨ ਆਤਮ = ਦ੍ਰਵੈ = ਕੋਮਲ ਨਹੀਂ ਹੋਇਆ ਦਯਾ ਵਾਨ ਨਹੀਂ ਹੋਇਆ, ਹਰੀ ਦੇ ਦਰਗਾਹ ਵਿਚ ਕਿਵੇਂ ਜਾ ਸਕਦਾ ਹੈ ਭਾਵ ਨਹੀਂ ਜਾ ਸਕੇਗਾ। ਉਥੇ ਕੋਮਲ ਹਿਰਦੇ ਵਾਲੇ ਜਾਂਦੇ ਹਨ ਜੋ ਸ੍ਵੱਤ ਦਾ ਭਲਾ ਮੰਗਦੇ ਹਨ।
ਸਰਬ ਕੀ ਰੇਨ ਜਾ ਕਾ ਮਨੁ ਹੋਇ॥ ਕਹੁ ਨਾਨਕ ਤਾ ਕੀ ਨਿਰਮਲ ਸੋਇ॥੩॥
(ਪੰਨਾ ੨੭੮)

ਅਰਥ: ਜਿਸ ਪੁਰਸ਼ ਦਾ ਮਨ ਸਾਰਿਆਂ ਦੀ ਚਰਨਾਂ ਦੀ ਧੂੜੀ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ ਉਸ ਪੁਰਸ਼ ਦੀ ਨਿਰਮਲ ਸੋਇ = ਸੋਭਾ ਹੁੰਦੀ ਹੈ॥੩॥ ਪੰਨਾ ੨੯੨
ਤਥਾ: ਪਾਪੁ ਪੁੰਨੁ ਤਹ ਭਈ ਕਹਾਵਤ॥
ਕੋਊ ਨਰਕ ਕੋਊ ਸੁਰਗ ਬਛਾਵਤ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥
(ਪੰਨਾ ੧੩੯੩)

ਅਰਥ: ਪਾਪ ਪੁੰਨੁ ਦੋਵੇਂ ਭਾਈ ਹਨ, ਪਾਪਾਂ ਦੇ ਕਰਨ ਵਾਲਾ ਜੀਵ ਨਰਕਾਂ ਵਿਚ ਜਾਂਦਾ ਹੈ, ਉਥੇ ਜੀਵਾਂ ਦਾ ਹਾਹਾਕਾਰ ਮੱਚਿਆ ਹੈ ਅੱਗ ਦਾ ਸੇਕ ਹੈ ਅਤੇ ਜਮ ਡੰਡੇ ਮਾਰਦੇ ਹਨ ਦੁਖੀ ਹੋ ਕੇ ਪਾਪੀ ਜੀਵ ਚੀਕ ਚਿਹਾੜਾ ਪਾਂਦੇ ਹਨ। ਪਰ ਦੁੱਖ ਨਾਲ ਲਿਖਣਾ ਪੈਂਦਾ ਹੈ ਕੇ ਗੁਰਬਾਣੀ ਦੇ ਪਰਚਾਰਕ ਕਹਿ ਦਿੰਦੇ ਹਨ ਸਿੱਖ ਦਾ ਕੋਈ ਸਬੰਧ ਨਹੀਂ ਨਰਕ ਸੁਰਗ ਨਾਲ॥ ਇਕ ਤਾਂ ਇਹ ਗੁਰਮੁਖ ਪਿਆਰੇ ਏਥੇ ਗੁਰਬਾਣੀ ਤੋਂ ਉਲਟ ਜਾਕੇ ਬੋਲਦੇ ਹਨ, ਦੂਜਾ ਇਹ ਸੰਗਤਾਂ ਨੂੰ ਗੁਮਰਾਹ ਕਰਦੇ ਹਨ, ਗੁਰੂ ਸਾਹਿਬ ਦੇ ਬਚਨ ਅੱਟਲ ਹਨ ਅਮੋਘ ਬਾਣ ਵਾਂਗ ਨਿਸ਼ਾਨੇ 'ਤੇ ਵੱਜਦੇ ਹਨ। ਜੇਕਰ ਪ੍ਰਬੰਧਕ ਸਾਹਿਬਾਨ ਗੁਰਬਾਣੀ ਤੋਂ ਜਾਣੂ ਹੋਣ ਤਾਂ ਉਹ ਰੋਕ ਸਕਦੇ ਹਨ ਕਿ ਗੁਰਬਾਣੀ ਦੇ ਵਿਰੋਧ ਵਿਚ ਨਾ ਬੋਲੋ। ਕਈ ਪ੍ਰਬੰਧਕ ਸਾਹਿਬਾਨ ਨੂੰ ਤਾਂ ਪੰਜ ਬਾਣੀਆਂ ਦਾ ਪਾਠ ਵੀ ਨਹੀਂ ਕਰਨਾ ਆਉਂਦਾ ਉਸ ਨੂੰ ਕੀ ਪਤਾ ਚੱਲੇਗਾ ਕਿ ਮੇਰੇ ਪ੍ਰਬੰਧ ਵਾਲੀ ਸਟੇਜ 'ਤੇ ਪਰਚਾਰਕ ਸਾਹਿਬਾਨ ਬਾਣੀ ਦੇ ਵਿਰੁੱਧ ਅਰਥ ਕਰਕੇ ਸੰਗਤਾਂ ਨੂੰ ਖੁਸ਼ ਕਰਦੇ ਹਨ। ਅਗਰ ਸੰਗਤ ਵਿਚੋਂ ਕੋਈ, ਰਾਗੀ ਢਾਡੀ ਕਥਾ ਵਾਚਕਾ ਨੂੰ ਸਚਾਈ ਦੱਸਣਾ ਚਾਹੇ ਤਾਂ ਪ੍ਰਬੰਧਕ ਸਾਹਿਬਾਨ ਜਿਹੜੇ ਬਾਣੀ ਵੱਲੋਂ ਉਕਾ ਹੀ ਨਾ ਵਾਕਫ ਹੁੰਦੇ ਹਨ, ਕਹਿੰਦੇ ਹਨ ਇਹ ਤਾਂ ਸਾਡੇ ਸ਼੍ਰੋਮਣੀ ਪਰਚਾਰਕ ਹਨ। ਇਹ ਸਭ ਠੀਕ ਹੀ ਬੋਲਦੇ ਹਨ। ਜੇ ਸਿੱਖੀ ਹੀ ਲੈ ਲਈ ਤਾਂ ਨਰਕਾਂ 'ਚ ਜਾਣ ਦਾ ਮਤਲਬ ਹੀ ਨਹੀਂ ਰਹਿ ਜਾਂਦਾ। ਗੁਰਮੁਖ ਪਿਆਰਿਓ ਸਿੱਖੀ ਲੈਕੇ ਭਾਵ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਪਹਿਲੀ ਕਲਾਸ ਵਿਚ ਦਾਖਲਾ ਮਿਲਦਾ ਹੈ, ਵੈਸੇ ਵਡਭਾਗਾ ਹੈ, ਜਿਸ ਨੇ ਦਾਖਲਾ ਲੈ ਲਿਆ ਅੱਗੇ ਮਿਹਨਤ ਕਰਨ ਨਾਲ ਛੁਟਕਾਰਾ ਹੋਣਾ ਹੈ, ਗੁਰਉਪਦੇਸ਼ ਦਾ ਸਿਮਰਨ ਕਰਕੇ ਪਾਪ ਕਰਮ ਛਡਕੇ ਪਾਸ ਹੋਵੇਗਾ।




ਕਿਰਪਾ ਕਰਕੇ ਹਰ ਕੋਈ ਆਪਣੀ ਜਿਮੇਵਾਰੀ ਤੇ ਟਿਕਟਾਂ ਖਰੀਦਣ। ਇਸ ਵਿੱਚ ਪੰਜਾਬੀ ਪੋਸਟ ਅਖਬਾਰ ਦੀ ਕੋਈ ਜਿਮੇਵਾਰੀ ਨਹੀਂ ਹੋਵੇਗੀ। ਧੰਨਵਾਦ ਸਹਿਤ।



## ਕੋਰੋਨਾ ਵਾਇਰਸ ਦਾ ਮਾਮਲਾ:

# ਭਾਰਤ ਵਿੱਚ ਮਾਸਕ ਦੀ ਕਮੀ, ਥਰਮਾਮੀਟਰ 3 ਗੁਣਾ ਮਹਿੰਗਾ ਹੋ ਗਿਆ

## * ਵਿਦੇਸ਼ਾਂ ਵਿੱਚ ਵੀ ਮਾਸਕ 6 ਗੁਣਾਂ ਮਹਿੰਗੇ ਵਿਕਣ ਲੱਗੇ



ਨਵੀਂ ਦਿੱਲੀ, 5 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਵਧਦੇ ਕਹਿਰ ਨੂੰ ਰੋਕਣ ਲਈ ਨਿੱਜੀ ਸੁਰੱਖਿਆ ਸਾਮਾਨ (ਪੀ ਪੀ ਈ) ਦੀ ਸੰਸਾਰ ਪੱਧਰ ਦੀ ਸਪਲਾਈ ਭਾਰਤ ਵਿੱਚ ਵੀ ਰੁਕਾਵਟ ਪਾ ਰਹੀ ਹੈ।

ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚ ਓ) ਨੇ ਇਸ ਬਾਰੇ ਚਿਤਾਵਨੀ ਦਿੱਤੀ ਹੈ ਕਿ ਸੰਸਾਰ ਪੱਧਰ ਉੱਤੇ ਨਿੱਜੀ ਸੁਰੱਖਿਆ ਸਾਧਨਾਂ ਦੀ ਮੰਗ ਵਧੀ ਹੈ, ਪਰ ਵਧਦੀ ਮੰਗ ਕਾਰਨ ਇਨ੍ਹਾਂ ਦੀ ਜਮ੍ਹਾਖੋਰੀ ਅਤੇ ਦੁਰਵਰਤੋਂ ਹੋਣ ਨਾਲ ਕੋਰੋਨਾ ਵਾਇਰਸ ਦੇ ਨਵੇਂ ਮਰੀਜ਼ਾਂ ਤੇ ਹੋਰ ਪੀੜਤਾਂ ਦੀ ਜਾਨ ਖਤਰੇ ਵਿੱਚ ਹੈ। ਸਿਹਤ ਕਾਮੇ ਆਪਣੇ ਆਪ ਤੇ ਆਪਣੇ ਮਰੀਜ਼ਾਂ ਨੂੰ ਪੀੜਤ ਹੋਣ ਤੇ ਦੂਜਿਆਂ ਨੂੰ ਪੀੜਤ ਕਰਨ ਤੋਂ ਬਚਾਉਣ ਲਈ ਨਿੱਜੀ ਸੁਰੱਖਿਆ ਸਾਧਨਾਂ ਉੱਤੇ ਭਰੋਸਾ ਕਰਦੇ ਹਨ। ਕੋਰੋਨਾ ਵਾਇਰਸ ਤੋਂ ਬਚਾਅ ਲਈ ਮਾਸਕ ਨੂੰ ਕਿਸੇ ਵੀ ਹੋਰ ਚੀਜ਼ ਤੋਂ ਵੱਧ ਪਹਿਲ ਦਿੱਤੀ ਜਾਂਦੀ ਹੈ। ਇਸ ਕਾਰਨ ਮੁੰਬਈ ਵਿੱਚ ਮਾਸਕ ਦੀ ਕਮੀ ਹੋ ਗਈ ਤੇ ਥਰਮਾਮੀਟਰ ਦੀ ਕੀਮਤ ਵਿੱਚ 3 ਗੁਣਾ ਦਾ ਵਾਧਾ ਹੋ ਗਿਆ ਹੈ। ਮਾਸਕ ਅਤੇ ਥਰਮਾਮੀਟਰ ਦੀਆਂ ਕੀਮਤਾਂ ਵਿੱਚ ਵਾਧੇ ਦਾ ਕਾਰਨ ਉੱਤਰੀ ਭਾਰਤ ਵਿੱਚ ਕੋਰੋਨਾ ਵਾਇਰਸ (ਕੋਵਿਡ-19) ਦੇ ਕੇਸਾਂ ਦਾ ਮਿਲਣਾ ਹੈ, ਜਿਸ ਨਾਲ ਇਨ੍ਹਾਂ ਚੀਜ਼ਾਂ ਦੀ ਮੰਗ ਵਧ ਗਈ ਹੈ।

ਜਾਣਕਾਰ ਸੂਤਰਾਂ ਮੁਤਾਬਕ ਨਾਨ-ਕੰਟੈਕਟ ਥਰਮਾਮੀਟਰ ਬਹੁਤੇ ਮੈਡੀਕਲ ਸਟੋਰਾਂ ਤੋਂ ਗਾਇਬ ਹਨ। ਜਿੱਥੇ ਸਟਾਕ ਹੈ, ਉਥੇ ਇਕ ਥਰਮਾਮੀਟਰ ਕਰੀਬ 2500 ਤੋਂ 3000 ਰੁਪਏ ਵਿੱਚ ਮਿਲਦਾ ਹੈ, ਜਿਸ ਦੀ ਅਸਲੀ ਕੀਮਤ 500 ਤੋਂ 800 ਰੁਪਏ ਦੇ ਨੇੜੇ ਹੈ। ਆਲ ਫੂਡ ਐਂਡ ਡਰੱਗ ਲਾਇਸੈਂਸ ਹੋਲਡਰ ਫਾਊਂਡੇਸ਼ਨ ਦੇ ਚੇਅਰਮੈਨ ਅਭੈ ਪਾਂਡੇ ਨੇ ਕਿਹਾ ਕਿ ਇਨ੍ਹਾਂ ਥਰਮਾਮੀਟਰ ਨੂੰ ਸਟੋਰ ਕੀਪਰ ਉਨ੍ਹਾਂ ਦੀ ਅਸਲੀ ਕੀਮਤ ਦੇ 3 ਤੋਂ 4 ਗੁਣਾ ਕੀਮਤ ਉੱਤੇ ਵੇਚ ਰਹੇ ਹਨ। ਇਸ ਤੋਂ ਇਲਾਵਾ ਸਰਜੀਕਲ ਤੇ ਐੱਨ95 ਮਾਸਕ ਦੀ ਕਮੀ ਹੋ ਗਈ ਹੈ। ਮਹਾਰਾਸ਼ਟਰ ਦੇ ਮਾਸਕ ਨਿਰਮਾਤਾ ਮੈਗਨਮ ਮੈਡੀਕੇਅਰ ਦੇ ਡਾਇਰੈਕਟਰ ਰਾਕੇਸ਼ ਭਗਤ ਦੇ ਮੁਤਾਬਕ ਸਕਾਈਰਾਕੇਟ ਮਾਸਕ ਦੀ ਮੰਗ 300 ਫੀਸਦੀ ਹੋ ਗਈ ਹੈ, ਪਰ ਸਰਕਾਰ ਨੇ ਇੰਪੋਰਟ ਉੱਤੇ ਪਾਬੰਦੀ ਲਾ ਦਿੱਤੀ ਹੈ। ਇਸ ਨਾਲ ਲੋਕਲ ਮਾਸਕ ਮੈਨੂਫੈਕਚਰਜ਼ ਨੂੰ ਮੁਸ਼ਕਲ ਹੈ। ਮਾਸਕ ਬਣਾਉਣ ਦੇ ਲਈ ਰਾਅ-ਮਟੀਰੀਅਲ ਦੀ ਇੰਪੋਰਟ ਚੀਨ ਤੋਂ ਹੀ ਕੀਤੀ ਜਾਂਦੀ ਹੈ।

ਨਾਨ-ਕੰਟੈਕਟ ਥਰਮਾਮੀਟਰ ਸਰੀਰ ਤੋਂ ਕਰੀਬ 15 ਸੈਂਟੀਮੀਟਰ ਦੂਰਤੋਂ ਬਾਡੀ ਤਾਪਮਾਨ ਮਾਪਣ ਦੀ ਸਮਰੱਥਾ ਰੱਖਦੇ ਹਨ। ਇਸ ਨੂੰ ਸਰੀਰ ਨਾਲ ਕੁਨੈਕਟ ਕਰਨ ਦੀ ਲੋੜ ਨਹੀਂ ਹੁੰਦੀ ਅਤੇ ਇਸ ਥਰਮਾਮੀਟਰ ਦੀ ਵਰਤੋਂ ਜ਼ਿਆਦਾਤਰ ਇਨਫੈਕਸ਼ਨ ਵਾਲੇ ਕੇਸਾਂ ਵਿੱਚ ਕੀਤੀ ਜਾਂਦੀ ਹੈ। ਇਸ ਥਰਮਾਮੀਟਰ ਦੀ ਵਰਤੋਂ ਮੈਡੀਕਲ ਸਟਾਫ ਕਰਦਾ ਹੈ।

ਇਸ ਦੌਰਾਨ ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚ ਓ) ਨੇ ਕਿਹਾ ਹੈ ਕਿ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਫੈਲਣ ਤੋਂ ਬਾਅਦ ਦੁਨੀਆ ਭਰ ਵਿੱਚ ਮਾਸਕ ਅਤੇ ਦਸਤਾਨੇ ਵਰਗੇ ਨਿੱਜੀ ਬਚਾਅ ਸਾਧਨਾਂ ਦੀ ਕਮੀ ਹੋਣ ਨਾਲ ਇਨ੍ਹਾਂ ਦੇ ਮੁੱਲ 6 ਗੁਣਾ ਤੱਕ ਵਧ ਗਏ ਹਨ। ਡਬਲਯੂ ਐੱਚ ਓ ਨੇ ਚਿਤਾਵਨੀ ਦਿੱਤੀ ਹੈ ਕਿ ਮੰਗ ਵਧਣ ਨਾਲ ਵਾਇਰਸ ਤੋਂ ਨਿੱਜੀ ਬਚਾਅ ਦੇ ਸਾਧਨ ਮਾਸਕ, ਦਸਤਾਨੇ ਆਦਿ ਦੀ ਸਪਲਾਈ ਪ੍ਰਭਾਵਿਤ ਹੋਈ ਤੇ ਅੰਨ੍ਹੇਵਾਹ ਖਰੀਦ ਤੇ ਕਾਲਾ ਬਾਜ਼ਾਰੀ ਲਈ ਸਟੋਰ ਵੀ ਸ਼ੁਰੂ ਹੋ ਗਿਆ ਹੈ। ਡਬਲਯੂ ਐੱਚ ਓ ਦੇ ਡਾਇਰੈਕਟਰ ਜਨਰਲ ਡਾ. ਤੇਦਰੋਸ ਏ. ਗੇਬ੍ਰਿਏਸਿਸ ਨੇ ਕਿਹਾ ਕਿ ਕੋਰੋਨਾ ਵਾਇਰਸ ਦੇ ਫੈਲਣ ਤੋਂ ਬਾਅਦ ਸਰਜੀਕਲ ਮਾਸਕ ਦੀ ਕੀਮਤ 6 ਗੁਣਾ, ਐੱਨ-95 ਮਾਸਕ ਦੀ ਕੀਮਤ 3 ਗੁਣਾ ਅਤੇ ਡਾਕਟਰਾਂ ਵੱਲੋਂ ਪਹਿਨੇ ਜਾਣ ਵਾਲੇ ਗਾਊਨ ਦੀ ਕੀਮਤ 2 ਗੁਣਾ ਵਧ ਗਈ ਹੈ। ਰੂਸ ਦੀ ਸਰਕਾਰ ਨੇ ਅੱਜ ਤੋਂ ਅਗਲੇ 1 ਜੂਨ ਤੱਕ ਲਈ ਮਾਸਕ ਤੇ ਕੁਝ ਹੋਰ ਮੈਡੀਕਲ ਸਾਮਾਨ ਦੀ ਐਕਸਪੋਰਟ ਉੱਤੇ ਰੋਕ ਲਾ ਦਿੱਤੀ ਹੈ। ਸਰਕਾਰ ਨੇ ਨਿੱਜੀ ਵਰਤੋਂ ਅਤੇ ਮਨੁੱਖੀ ਮਦਦ ਲਈ ਭੇਜੇ ਜਾਂਦੇ ਸਾਮਾਨ ਵਿੱਚ ਬੈਂਡੇਜ, ਪੱਟੀਆਂ, ਸੁਰੱਖਿਅਕ, ਕੀਟਾਣੂ ਨਾਸ਼ਕ ਅਤੇ ਵਾਇਰਸ ਰੋਕੂ ਦਵਾਈਆਂ ਦੇ ਨਾਲ ਕੁਝ ਹੋਰ ਵਸਤਾਂ ਲਈ ਛੋਟ ਦਿੱਤੀ ਹੈ।

## ਨਫਰਤ ਭਰੇ ਭਾਸ਼ਣ:

# ਕੇਸ ਦਰਜ ਕਰਨ ਦੀ ਮੰਗ ਵਾਲੀ ਪਟੀਸ਼ਨ ਹਾਈ ਕੋਰਟ ਦੇ ਹਵਾਲੇ



ਨਵੀਂ ਦਿੱਲੀ, 5 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੌਮੀ ਰਾਜਧਾਨੀ ਵਿੱਚ ਵਾਪਰੀਆਂ ਹਿੰਸਕ ਘਟਨਾਵਾਂ ਤੋਂ ਪੀੜਤ 10 ਵਿਅਕਤੀਆਂ ਦੀਆਂ ਪਟੀਸ਼ਨਾਂ 'ਤੇ ਦਿੱਲੀ ਹਾਈ ਕੋਰਟ ਨੂੰ ਸੁਣਵਾਈ ਕਰਨ ਲਈ ਹੁਕਮ ਦਿੱਤਾ ਹੈ। ਪੀੜਤ ਲੋਕਾਂ ਨੇ ਨਫਰਤ ਭਰੇ ਭਾਸ਼ਣ ਦੇਣ ਵਾਲੇ ਆਗੂਆਂ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਇਸ ਕੇਸ ਦਾ ਨਿਪਟਾਰਾ ਕਰਨ ਲਈ ਕਿਹਾ ਹੈ। ਚੀਫ ਜਸਟਿਸ ਏ ਐੱਸ ਬੋਬੜੇ, ਜਸਟਿਸ ਬੀ ਆਰ ਗਵਈ ਤੇ ਜਸਟਿਸ ਸੂਰਿਆ ਕਾਂਤ ਦੀ ਬੈਂਚ ਨੇ ਕਿਹਾ, ਹਾਈ ਕੋਰਟ ਵਿਵਾਦਾਂ ਦੇ ਸ਼ਾਂਤਮਈ ਹੱਲ ਦੀ ਸੰਭਾਵਨਾ ਲੱਭ ਸਕਦੀ ਹੈ। ਇਸੇ ਮੌਕੇ ਸੁਪਰੀਮ ਕੋਰਟ ਨੇ ਨਵੇਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪ੍ਰਦਰਸ਼ਨਾਂ ਦੌਰਾਨ ਨਫਰਤ ਭਰਿਆ ਭਾਸ਼ਣ ਦੇਣ ਦੇ ਦੋਸ਼ਾਂ ਹੇਠ ਨਾਗਰਿਕ ਅਧਿਕਾਰ ਕਾਰਕੁਨ ਹਰਸ਼ ਮੰਦਰ ਤੋਂ ਜਵਾਬ ਤਲਬ ਕੀਤਾ ਹੈ। ਅਦਾਲਤ ਨੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਮੰਦਰ ਦੇ ਵਿਰੁੱਧ ਦੋਸ਼ਾਂ ਬਾਰੇ ਕੇਂਦਰ ਸਰਕਾਰ ਵੱਲੋਂ ਐਫੀਡੇਵਿਟ ਦਾਖਲ ਕਰਨ ਲਈ ਕਿਹਾ ਹੈ। ਮੰਦਰ ਦੀ ਵਕੀਲ ਕਰੁਣਾ ਨੰਦੀ ਨੇ ਇਸ ਤੋਂ ਇਨਕਾਰ ਕੀਤਾ ਕਿ ਮੰਦਰ ਨੇ ਕੋਈ ਨਫਰਤ ਭਰਿਆ ਭਾਸ਼ਣ ਦਿੱਤਾ ਹੈ ਜਿਵੇਂ ਕੇਂਦਰ ਨੇ ਦੋਸ਼ ਲਾਇਆ ਹੈ। ਸ਼ੁਰੂ ਵਿੱਚ ਜਦ ਮਾਮਲਾ ਸੁਣਵਾਈ ਲਈ ਆਇਆ ਤਾਂ ਬੈਂਚ ਨੇ ਸੀਨੀਅਰ ਵਕੀਲ ਕੋਲਿਨ ਗੋਂਜਾਲਵੇਸ ਨੂੰ ਪੁੱਛਿਆ ਕਿ ਕੀ ਮੰਦਰ ਨੇ ਸਰਕਾਰ ਜਾਂ ਪਾਰਲੀਮੈਂਟ ਦੇ ਵਿਰੁੱਧ ਕੋਈ ਬਿਆਨ ਦਿੱਤਾ ਹੈ। ਇਸ 'ਤੇ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਨ੍ਹਾਂ ਗੰਭੀਰ ਤੇ ਇਤਰਾਜ਼ਯੋਗ ਬਿਆਨ ਦਿੱਤੇ ਹਨ ਅਤੇ ਉਨ੍ਹਾਂ ਦੇ ਕੁਝ ਬਿਆਨਾਂ ਦਾ ਜ਼ਿਕਰ ਵੀ ਕੀਤਾ।

# 1985 ਵਾਲੇ ਦਿੱਲੀ ਟਰਾਂਜ਼ਿਸਟਰ ਬੰਬ ਧਮਾਕਾ ਕੇਸ ਦੇ ਸਾਰੇ ਦੋਸ਼ੀ ਬਰੀ

ਨਵੀਂ ਦਿੱਲੀ, 5 ਮਾਰਚ (ਪੋਸਟ ਬਿਊਰੋ)- ਸਾਲ 1985 ਟਰਾਂਜਿਸਟਰ ਬੰਬ ਧਮਾਕੇ ਕੇਸ ਵਿੱਚ ਦਿੱਲੀ ਦੀ ਇਕ ਕੋਰਟ ਨੇ ਕਰੀਬ 35 ਸਾਲ ਬਾਅਦ ਫੈਸਲਾ ਦਿਤਾ ਤੇ ਧਮਾਕਿਆਂ ਦੇ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਕੁੱਲ 55 ਲੋਕਾਂ ਨੂੰ ਦੋਸ਼ੀ ਬਣਾਇਆ ਗਿਆ ਸੀ, ਜਿਨ੍ਹਾਂ ਨੂੰ ਅੱਜ ਬਰੀ ਕਰ ਦਿੱਤਾ ਗਿਆ ਹੈ। ਇਨ੍ਹਾਂ ਧਮਾਕਿਆਂ ਵਿੱਚ 59 ਲੋਕ ਮਾਰੇ ਗਏ ਅਤੇ 127 ਜ਼ਖਮੀ ਹੋਏ ਸਨ। ਓਦੋਂ ਦਿੱਲੀ ਵਿੱਚ ਪਹਿਲੀ ਵਾਰ ਧਮਾਕਿਆਂ ਲਈ ਟਰਾਂਜਿਸਟਰ ਦੀ ਵਰਤੋਂ ਹੋਈ ਸੀ, ਜਿਹੜੀ ਬਾਅਦ ਵਿੱਚ ਕੁਝ ਹੋਰ ਥਾਂਈਂ ਵੀ ਹੋਈ ਸੀ।

ਵਰਨਣ ਯੋਗ ਹੈ ਕਿ 1984 ਸਿੱਖ ਵਿਰੋਧੀ ਕਤਲੇਆਮ ਦੇ ਬਾਅਦ ਜਦੋਂ ਹਾਲਾਤ ਆਮ ਵਾਂਗ ਹੋਣੇ ਸ਼ੁਰੂ ਹੋਏ ਸਨ ਤਾਂ ਮਈ 1985 ਵਿੱਚ ਨਵੀਂ ਦਿੱਲੀ ਅਤੇ ਉਸ ਦੇ ਗੁਆਂਢੀ ਰਾਜਾਂ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ ਵੱਖ-ਵੱਖ ਥਾਵਾਂ ਉੱਤੇ ਖਾੜਕੂਆਂ ਨੇ ਟਰਾਂਜਿਸਟਰ ਬੰਬ ਧਮਾਕੇ ਕੀਤੇ ਸਨ। ਉਨ੍ਹਾਂ ਨੇ ਇਕ ਟਰੇਨ ਤੇ 2 ਬੱਸਾਂ ਵਿੱਚ ਟਰਾਂਜਿਸਟਰ ਬੰਬਾਂ ਦੀ ਵਰਤੋਂ ਕੀਤੀ ਤੇ ਬਜ਼ਾਰਾਂ ਤੇ ਜਨਤਕ ਪਾਰਕਾਂ ਵਰਗੇ ਭੀੜ-ਭਾੜ ਵਾਲੀਆਂ ਥਾਵਾਂ ਉੱਤੇ ਵੀ ਬੰਬ ਲਾਏ ਸਨ। ਖਾੜਕੂਆਂ ਨੇ ਟਰਾਂਜਿਸਟਰ ਵਿੱਚ ਬੰਬ ਫਿਟ ਕਰ ਕੇ ਉਨ੍ਹਾਂ ਲੋਕਲ ਬੱਸਾਂ ਵਿੱਚ ਰੱਖਿਆ ਸੀ, ਜਿਹੜੀਆਂ ਉੱਤਰ ਪ੍ਰਦੇਸ਼ ਅਤੇ ਹਰਿਆਣਾ ਨੂੰ ਜਾਣ ਵਾਲੀਆਂ ਸਨ। ਟਰਾਂਜਿਸਟਰ ਇਸ ਤਰ੍ਹਾਂ ਬਣਾਇਆ ਗਿਆ ਕਿ ਜਦੋਂ ਕੋਈ ਉਸ ਨੂੰ ਚਲਾਉਂਦਾ ਸੀ ਤਾਂ ਧਮਾਕਾ ਹੋ ਜਾਂਦਾ ਸੀ। ਇਨ੍ਹਾਂ ਟਰਾਂਜਿਸਟਰ ਬੰਬ ਧਮਾਕਿਆਂ ਨਾਲ ਕਈ ਘਟਨਾਵਾਂ ਵਾਪਰੀਆਂ ਸਨ। ਇਕ ਕੰਡਕਟਰ ਨੇ ਡੀ ਟੀ ਸੀ ਬੱਸ ਵਿੱਚ ਲਵਾਰਿਸ ਪਿਆ ਟਰਾਂਜਿਸਟਰ ਦੇਖਿਆ ਤਾਂ ਲੋਕਾਂ ਨੂੰ ਪੁੱਛਿਆ ਕਿ ਇਹ ਕਿਸ ਦਾ ਹੈ? ਇਸ ਦੌਰਾਨ ਹੀ ਉਹ ਟਰਾਂਜ਼ਿਸਟਰ ਬੰਬ ਫਟ ਗਿਆ ਸੀ ਤੇ ਕਾਫੀ ਨੁਕਸਾਨ ਹੋਇਆ ਸੀ।

# 12 ਬੱਚਿਆਂ ਦੀ ਮੌਤ ਪਿੱਛੋਂ ਦਵਾਈ ਕੰਪਨੀ ਮਾਲਕਾਂ ਦੀ ਰਿਹਾਇਸ਼ 'ਤੇ ਛਾਪੇ

ਨਾਹਨ, 5 ਮਾਰਚ (ਪੋਸਟ ਬਿਊਰੋ)- ਜੰਮੂ-ਕਸ਼ਮੀਰ 'ਚ 12 ਬੱਚਿਆਂ ਦੀ ਮੌਤ ਤੋਂ ਬਾਅਦ ਹਿਮਾ-ਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ 'ਚ ਕਾਲਾ ਅੰਬ ਸ਼ਹਿਰ ਦੀ ਦਵਾਈ ਕੰਪਨੀ ਡਿਜੀਟਲ ਵਿਜ਼ਨ ਦੇ ਖ਼ਿਲਾਫ਼ ਮਾਮਲਾ ਦਰਜ ਹੋ ਗਿਆ ਹੈ। ਪੁਲਸ ਨੇ ਮੰਗਲਵਾਰ ਤੇ ਬੁੱਧਵਾਰ ਨੂੰ ਕੰਪਨੀ ਮਾਲਕਾਂ ਨੂੰ ਫੜਨ ਲਈ ਉਨ੍ਹਾਂ ਦੀਆਂ ਕਾਲਾ ਅੰਬ ਤੇ ਅੰਬਾਲਾ ਦੀਆਂ ਰਿਹਾਇਸ਼ਾਂ 'ਤੇ ਛਾਪੇ ਮਾਰੇ, ਪਰ ਉਹ ਹੱਥ ਨਾ ਲੱਗੇ। ਸ਼ਾਮ ਤੱਕ ਰੂਪੋਸ਼ ਹੋਏ ਮੁਲਾਜ਼ਮਾਂ ਦਾ ਸੁਰਾਗ ਨਹੀਂ ਲੱਗਿਆ।

ਇਸ ਕੰਪਨੀ ਦੇ ਤਿੰਨ ਮਾਲਕ ਚੇਅਰਮੈਨ ਪੁਰਸ਼ੋਤਮ ਗੋਇਲ, ਮੈਨੇਜਿੰਗ ਡਾਇਰੈਕਟਰ ਕੋਨਿਕ ਗੋਇਲ ਤੇ ਮਾਨਿਕ ਗੋਇਲ ਹਾਲੇ ਨਾ ਦਫ਼ਤਰ ਆ ਰਹੇ ਹਨ ਤੇ ਨਾ ਪੁਲਸ ਜਾਂਚ ਲਈ ਪੇਸ਼ ਹੋ ਰਹੇ ਹਨ। ਤਿੰਨਾਂ ਦੇ ਮੋਬਾਈਲ ਫੋਨ ਬੰਦ ਹੋਣ ਨਾਲ ਪੁਲਸ ਦੀ ਪਰੇਸ਼ਾਨੀ ਵਧ ਰਹੀ ਹੈ। ਅਜੇ ਕਾਲਾ ਅੰਬ ਕੰਪਨੀ ਤੋਂ ਲਏ ਸੈਂਪਲ ਦੀ ਰਿਪੋਰਟ ਨਹੀਂ ਆਈ। ਸ਼ੱਕ ਹੈ ਕਿ ਦੋਸ਼ੀ ਅਗੇਤੀ ਜ਼ਮਾਨਤ ਲੈਣ ਦੇ ਜੁਗਾੜ 'ਚ ਹਨ। ਡਰੱਗ ਐਂਡ ਕਾਸਮੈਟਿਕ ਐਕਟ ਤੋਂ ਇਲਾਵਾ ਆਈ ਪੀ ਸੀ ਦਾ ਕੇਸ ਦਰਜ ਹੋਇਆ ਹੈ, ਜਿਹੜਾ ਗ਼ੈਰ-ਜ਼ਮਾਨਤੀ ਹੈ। ਇਸ ਲਈ ਮੁਲਜ਼ਮਾਂ ਦੀ ਕਦੇ ਵੀ ਗ੍ਰਿਫ਼ਤਾਰੀ ਹੋ ਸਕਦੀ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਵਿਧਾਨ ਸਭਾ ਸੈਸ਼ਨ ਦੌਰਾਨ ਬਿਆਨ ਦੇ ਚੁੱਕੇ ਹਨ ਕਿ ਕਿਸੇ ਦੀ ਵੀ ਜ਼ਿੰਦਗੀ ਨਾਲ ਖਿਲਵਾੜ ਨਹੀਂ ਕਰਨ ਦਿੱਤਾ ਜਾਵੇਗਾ। ਇਸ ਕੇਸ ਦੀ ਜਾਂਚ ਡੀ ਐਸ ਪੀ ਹੈੱਡ ਕੁਆਰਟਰ ਪਰਮ ਦੇਵ ਠਾਕੁਰ ਨੂੰ ਸੌਂਪੀ ਗਈ ਹੈ। ਦਸੰਬਰ 2019 ਤੇ ਜਨਵਰੀ 2020 'ਚ ਜੰਮੂ ਤੇ ਊਧਮਪੁਰ 'ਚ ਖੰਘ-ਜ਼ੁਕਾਮ ਦੀ ਦਵਾਈ ਵਰਤਣ ਨਾਲ 12 ਬੱਚਿਆਂ ਦੀ ਮੌਤ ਹੋ ਗਈ ਅਤੇ 36 ਬੱਚਿਆਂ ਦੇ ਗੁਰਦੇ ਖ਼ਰਾਬ ਹੋਣ ਦੇ ਮਾਮਲੇ ਸਾਹਮਣੇ ਸਨ।

# ਸੁਪਰੀਮ ਕੋਰਟ ਨੇ ਕ੍ਰਿਪਟੋ ਕਰੰਸੀ ਦੇ ਕਾਰੋਬਾਰ ਨੂੰ ਦਿੱਤੀ ਹਰੀ ਝੰਡੀ

ਨਵੀਂ ਦਿੱਲੀ, 5 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕ੍ਰਿਪਟੋ ਕਰੰਸੀ ਦੇ ਕਾਰੋਬਾਰ ਨੂੰ ਹਰੀ ਝੰਡੀ ਦੇ ਦਿੱਤੀ ਹੈ। ਅਦਾਲਤ ਨੇ ਰਿਜ਼ਰਵ ਬੈਂਕ ਵੱਲੋਂ ਲਾਈ ਪਾਬੰਦੀ ਹਟਾ ਦਿੱਤੀ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਬੈਂਕਿੰਗ ਲੈਣ-ਦੇਣ 'ਚ ਬਿੱਟਕੁਆਇਨ ਅਤੇ ਬਾਕੀ ਕ੍ਰਿਪਟੋ ਕਰੰਸੀ 'ਤੇ ਪਾਬੰਦੀ ਲਾਉਣ ਵਾਲੇ ਰਿਜ਼ਰਵ ਬੈਂਕ ਦੇ ਆਦੇਸ਼ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਨੇ ਮੰਨਿਆ ਕਿ ਇਹ ਬਹੁਤ ਸਖ਼ਤ ਕਦਮ ਹੈ। ਇਸ ਬਾਰੇ ਦਾਇਰ ਪਟੀਸ਼ਨ 'ਚ ਸ਼ਿਕਾਇਤ ਕਰਤਿਆਂ ਨੇ ਕਿਹਾ ਸੀ ਕਿ ਭਾਰਤ ਸਰਕਾਰ ਨੇ ਕ੍ਰਿਪਟੋ ਏਜੰਸੀ 'ਤੇ ਪਾਬੰਦੀ ਨਹੀਂ ਲਾਈ, ਪਰ ਰਿਜ਼ਰਵ ਬੈਂਕ ਨੇ ਆਪਣੇ ਵੱਲੋਂ ਆਦੇਸ਼ ਦੇ ਦਿੱਤਾ ਹੈ। ਵਰਨਣ ਯੋਗ ਹੈ ਕਿ ਰਿਜ਼ਰਵ ਬੈਂਕ ਨੇ 2018 'ਚ ਇੱਕ ਸਰਕੁਲਰ ਜਾਰੀ ਕਰਕੇ ਬੈਂਕਾਂ ਨੂੰ ਕ੍ਰਿਪਟੋ ਕਰੰਸੀ ਦੇ ਕਾਰੋਬਾਰ ਕਰਨ ਤੋਂ ਮਨ੍ਹਾਂ ਕੀਤਾ ਸੀ। ਇਸ ਤੋਂ ਬਾਅਦ ਕ੍ਰਿਪਟੋ ਕਰੰਸੀ ਐਕਸਚੇਂਜ ਤੇ ਕੁਝ ਸੰਸਥਾਵਾਂ ਨੇ ਬੈਂਕ ਦੇ ਇਸ ਸਰਕੂਲਰ ਖ਼ਿਲਾਫ਼ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ। ਦੱਸਣ ਯੋਗ ਹੈ ਕਿ ਕ੍ਰਿਪਟੋ ਕਰੰਸੀ ਇੱਕ ਡਿਜ਼ੀਟਲ ਕਰੰਸੀ ਹੁੰਦੀ ਹੈ, ਜੋ ਬਲਾਕਚੇਨ ਤਕਨੀਕ ਦੇ ਆਧਾਰ ਉਤੇ ਹੈ। ਇਸ ਕਰੰਸੀ 'ਚ ਇਨਕ੍ਰਿਪਸ਼ਨ ਟੈਕਨਾਲੋਜੀ ਦੀ ਵਰਤੋਂ ਹੁੰਦੀ ਹੈ। ਇਸ ਤਕਨੀਕ ਨਾਲ ਕਰੰਸੀ ਦੇ ਲੈਣ-ਦੇਣ ਦਾ ਪੂਰਾ ਲੇਖਾ-ਜੋਖਾ ਹੁੰਦਾ ਹੈ, ਜਿਸ ਨਾਲ ਇਸ ਨੂੰ ਹੈਕ ਕਰਨਾ ਬਹੁਤ ਮੁਸ਼ਕਲ ਹੈ। ਇਹੋ ਕਾਰਨ ਹੈ ਕਿ ਇਸ ਕਰੰਸੀ 'ਚ ਧੋਖਾਧੜੀ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।



# ਭਾਜਪਾ ਨੂੰ ਮਹਾਰਾਸ਼ਟਰ ਦੀ ਸ਼ਾਂਤੀ ਭੰਗ ਨਹੀਂ ਕਰਨ ਦੇਵਾਂਗੇ: ਸ਼ਿਵ ਸੈਨਾ




ਮੁੰਬਈ, 5 ਮਾਰਚ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਔਰੰਗਾਬਾਦ ਸ਼ਹਿਰ ਦਾ ਨਾਮ ਬਦਲਣ ਬਾਰੇ ਸ਼ਿਵ ਸੈਨਾ ਅਤੇ ਭਾਜਪਾ ਆਹਮੋ-ਸਾਹਮਣੇ ਹਨ। ਸ਼ਿਵ ਸੈਨਾ ਨੇ ਔਰੰਗਾਬਾਦ ਸ਼ਹਿਰ ਦਾ ਨਾਮ ਸੰਭਾਜੀਨਗਰ ਰੱਖਣ ਦੀ ਮੰਗ ਬਾਰੇ ਭਾਰਤੀ ਜਨਤਾ ਪਾਰਟੀ ਦੀ ਮਹਾਰਾਸ਼ਟਰ ਇਕਾਈ ਦੇ ਸੀਨੀਅਰ ਚੰਦਰਕਾਂਤ ਪਾਟਿਲ 'ਤੇ ਵਾਰ ਕਰਦੇ ਹੋਏ ਕਿਹਾ ਹੈ ਕਿ ਭਾਜਪਾ ਨੂੰ ਮਹਾਰਾਸ਼ਟਰ ਦੀ ਸ਼ਾਂਤੀ ਨੂੰ ਭੰਗ ਨਹੀਂ ਕਰਨ ਦਿੱਤੀ ਜਾਵੇਗਾ।

ਸ਼ਿਵ ਸੈਨਾ ਦੇ ਅਖਬਾਰ ਸਾਮਨਾ ਦੇ ਸੰਪਾਦਕੀ ਵਿੱਚ ਭਾਜਪਾ ਨੂੰ ਯਾਦ ਦਿਲਾਇਆ ਗਿਆ ਹੈ ਕਿ 25 ਸਾਲ ਪਹਿਲੇ ਸ਼ਿਵ ਸੈਨਾ ਮੁਖੀ ਮਰਹੂਮ ਬਾਲ ਠਾਕਰੇ ਨੇ ਔਰੰਗਾਬਾਦ ਦਾ ਨਾਮ ਬਦਲ ਕੇ ਸੰਭਾਜੀਨਗਰ ਕਰ ਦਿੱਤਾ ਸੀ। ਔਰੰਗਾਬਾਦ ਨਗਰ ਨਿਗਮ ਨੇ ਜੂਨ 1995 ਵਿੱਚ ਸ਼ਹਿਰ ਦਾ ਨਾਮ ਬਦਲਣ ਦੇ ਮਤੇ ਨੂੰ ਮੰਜ਼ੂਰੀ ਦੇ ਦਿੱਤੀ ਸੀ ਪਰ ਕਾਂਗਰਸ ਦੇ ਇੱਕ ਕੌਂਸਲਰ ਨੇ ਇਸ ਨੂੰ ਪਹਿਲਾਂ ਬੰਬੇ ਹਾਈ ਕੋਰਟ ਅਤੇ ਫਿਰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਸੀ ਜਿਸ ਦੇ ਬਾਅਦ ਇਸ ਪੱਖ ਤੋਂ ਗੱਲ ਅੱਗੇ ਨਹੀਂ ਸੀ ਤੁਰ ਸਕੀ। ਭਾਜਪਾ ਨੇਤਾ ਚੰਦਰਕਾਂਤ ਪਾਟਿਲ ਨੇ ਪਿਛਲੇ ਹਫ਼ਤੇ ਔਰੰਗਾਬਾਦ ਦਾ ਨਾਮ ਛਤਰਪਤੀ ਸ਼ਿਵਾ ਜੀ ਦੇ ਪੁੱਤਰ ਸੰਭਾਜੀ ਦੇ ਨਾਮ ਉੱਤੇ ਰੱਖਣ ਦੀ ਮੰਗ ਕੀਤੀ ਸੀ। ਉਸ ਨੇ ਕਿਹਾ ਕਿ ਅਸੀਂ ਛਤਰਪਤੀ ਸ਼ਿਵਾਜੀ ਮਹਾਰਾਜ ਤੇ ਉਨ੍ਹਾਂ ਦੇ ਪੁੱਤਰ ਸੰਭਾਜੀ ਮਹਾਰ-ਾਜ ਦੇ ਵੰਸ਼ ਹਾਂ, ਔਰੰਗਜ਼ੇਬ ਦੇ ਨਹੀਂ। ਇਸ ਲਈ ਸਭ ਤਕਨੀਕੀ ਸਮੱਸਿਆਵਾਂ ਦੂਰ ਕਰ ਕੇ ਔਰੰਗਾਬਾਦ ਦਾ ਨਾਮ ਸੰਭਾਜੀਨਗਰ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਬਾਅਦ ਸ਼ਿਵ ਸੈਨਾ ਨੇ ਪਾਟਿਲ ਬਾਰੇ ਕਿਹਾ ਕਿ ਉਨ੍ਹਾਂ ਨੂੰ ਇਹ ਕਹਿਣ ਦੀ ਲੋੜ ਕਿਉਂ ਪਈ ਕਿ ਉਹ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਵੰਸ਼ ਹਨ ਅਤੇ ਇਥੇ ਕੋਈ ਔਰੰਗਜ਼ੇਬ ਦਾ ਵੰਸ਼ ਨਹੀਂ ਹੈ।

# ਹਰਿਆਣਾ ਅਸੈਂਬਲੀ ਵਿੱਚ 54 ਸਾਲ ਮਗਰੋਂ ਪੰਜਾਬੀ ਭਾਸ਼ਾ ਲਾਗੂ ਕਰਨ ਦਾ ਮੁੱਦਾ ਉਠਿਆ



ਵਿਧਾਇਕ ਸ਼ੀਸ਼ਪਾਲ ਕੇਹਰਵਾਲਾ

ਸਿਰਸਾ, 5 ਮਾਰਚ (ਪੋਸਟ ਬਿਊਰੋ)- ਸੰਨ 1966 ਵਿੱਚ ਪੰਜਾਬ ਤੋਂ ਵੱਖ ਹੋਏ ਹਰਿਆਣਾ ਦੇ ਸੱਤਰ ਫੀਸਦੀ ਲੋਕ ਅੱਜ ਵੀ ਪੰਜਾਬੀ ਬੋਲਦੇ ਹਨ ਅਤੇ ਚਾਲੀ ਫੀਸਦੀ ਲੋਕ ਪੰਜਾਬੀ ਚੰਗੀ ਤਰ੍ਹਾਂ ਪੜ੍ਹ ਵੀ ਲੈਂਦੇ ਹਨ, ਪਰ ਹਰਿਆਣਾ ਬਣਨ ਦੇ 54 ਸਾਲਾਂ ਬਾਅਦ ਵੀ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਨੂੰ ਸਹੀ ਰੂਪ ਵਿੱਚ ਦੂਜਾ ਦਰਜਾ ਦੇਣ ਤੋਂ ਸਮੇਂ ਦੀਆਂ ਸਰਕਾਰਾਂ ਦੀ ਆਨਾਕਾਨੀ ਜਾਰੀ ਰਹੀ ਹੈ। ਕੱਲ੍ਹ ਪਹਿਲੀ ਵਾਰੀ ਓਥੇ ਪੰਜਾਬੀ ਦਾ ਮੁੱਦਾ ਉੱਠਿਆ ਹੈ।

ਹਰਿਆਣਾ ਵਿੱਚ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੇ ਰਾਜ ਸਮੇਂ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਦਾ ਐਲਾਨ ਹੋਇਆ ਸੀ, ਪਰ ਉਸ ਉੱਤੇ ਅਮਲ ਕਦੇ ਨਹੀਂ ਹੋਇਆ, ਜਿਸ ਕਾਰਨ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਨੂੰ ਦਫਤਰ ਦੀ ਦਰਜਾ ਨਹੀਂ ਮਿਲ ਸਕਿਆ। ਕੱਲ੍ਹ ਹਰਿਆਣਾ ਵਿਧਾਨ ਸਭਾ ਦੇ ਬਜਟ ਸ਼ੈਸਨ ਦੇ ਪ੍ਰਸ਼ਨ-ਉੱਤਰ ਕਾਲ ਦੌਰਾਨ ਕਾਲਾਂਵਾਲੀ ਦੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਨੇ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨ ਦਾ ਮੁੱਦਾ ਉਠਾਇਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਪੰਜਾਬੀ ਨੂੰ ਦੂਸਰਾ ਦਰਜਾ ਮਿਲਣ ਦੇ ਬਾਵਜੂਦ ਖੱਟਰ ਸਰਕਾਰ ਦੇ ਛੇ ਸਾਲਾ ਰਾਜ ਵਿੱਚ ਪੰਜਾਬੀ ਦੇ ਵਿਕਾਸ ਦਾ ਕੋਈ ਕੰਮ ਨਹੀਂ ਹੋਇਆ। ਉਨ੍ਹਾਂ ਵਿਧਾਨ ਸਭਾ ਵਿੱਚ ਸਵਾਲ ਉਠਾਇਆ ਕਿ ਹਰਿਆਣਾ ਦੇ ਸਰਕਾਰੀ ਦਫਤਰਾਂ ਵਿੱਚ ਪੰਜਾਬੀ ਵਿੱਚ ਭੇਜੇ ਜਾ ਰਹੇ ਪੱਤਰਾਂ ਦਾ ਅੰਗਰੇਜ਼ੀ ਵਿੱਚ ਉੱਤਰ ਕਿਉਂ ਦਿੱਤਾ ਜਾ ਰਿਹਾ ਹੈ? ਸ਼ੀਸ਼ਪਾਲ ਕੇਹਰਵਾਲਾ ਨੇ ਵਿਧਾਨ ਸਭਾ ਵਿੱਚ ਮੰਗ ਉਠਾਈ ਕਿ ਹਰਿਆਣਾ ਵਿੱਚ ਪੰਜਾਬੀ ਅਧਿਆਪਕਾਂ ਦੀ ਭਰਤੀ ਜਲਦੀ ਕੀਤੀ ਜਾਵੇ ਅਤੇ ਦਫਤਰੀ ਅਮਲੇ ਵਿੱਚ ਪੰਜਾਬੀ ਪੜ੍ਹਨ ਅਤੇ ਲਿਖਣ ਵਾਲੇ ਕਲਰਕਾਂ ਦੀ ਭਰਤੀ ਕੀਤੀ ਜਾਵੇ ਅਤੇ ਹਰਿਆਣਾ ਦੇ ਸਰਕਾਰੀ ਸਕੂਲਾਂ ਵਿੱਚ ਤੀਸਰੀ ਜਮਾਤ ਤੋਂ ਪੰਜਾਬੀ ਦਾ ਵਿਸ਼ਾ ਲਾਗੂ ਕੀਤਾ ਜਾਵੇ।

ਕਾਲਾਂਵਾਲੀ ਦੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਦੇ ਪ੍ਰਸ਼ਨ ਦੀ ਪ੍ਰੋੜ੍ਹਤਾ ਕਰਦਿਆਂ ਹਰਿਆਣਾ ਦੇ ਸਾਬਕਾ ਸਿਖਿਆ ਮੰਤਰੀ ਗੀਤਾ ਭੁੱਕਲ ਨੇ ਕਿਹਾ ਕਿ ਖੱਟਰ ਸਰਕਾਰ ਦੇ ਰਾਜ ਦੌਰਾਨ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਦੀ ਉਨਤੀ ਦੇ ਕੋਈ ਕਦਮ ਨਹੀਂ ਚੁੱਕੇ ਗਏ, ਨਾ ਪੰਜਾਬੀ ਪੜ੍ਹਾਈ ਵਾਲੇ ਅਧਿਆਪਕਾਂ ਦੀ ਭਰਤੀ ਕੀਤੀ ਗਈ, ਨਾ ਪੰਜਾਬੀ ਸਾਹਿਤ ਅਕਾਦਮੀ ਦੀ ਕੋਈ ਸਾਰ ਲਈ। ਸ਼ੀਸ਼ਪਾਲ ਕੇਹਰਵਾਲਾ ਅਤੇ ਸਾਬਕਾ ਸਿਖਿਆ ਮੰਤਰੀ ਗੀਤਾ ਭੁੱਕਲ ਨੇ ਸਾਂਝੇ ਤੌਰ 'ਤੇ ਹਰਿਆਣਾ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਹਰਿਆਣਾ ਵਿੱਚ ਪੰਜਾਬੀ ਨੂੰ ਦਫਤਰੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ।

## ਦੱਖਣੀ-ਪੂਰਬੀ ਏਸ਼ੀਆਈ ਦੇਸ਼ ਹਰ ਸਥਿਤੀ ਲਈ ਰਹਿਣ ਤਿਆਰ

ਨਵੀਂ ਦਿੱਲੀ, 5 ਮਾਰਚ (ਪੋਸਟ ਬਿਊਰੋ)- ਭਾਰਤ, ਇੰਡੋਨੇਸ਼ੀਆ ਤੇ ਥਾਈਲੈਂਡ ਵਿੱਚ ਕੋਰੋਨਾ ਵਾਇਰਸ ਦੇ ਨਵੇਂ ਕੇਸਾਂ ਦੀ ਪੁਸ਼ਟੀ ਹੋਣ ਪਿੱਛੋਂ ਵਿਸ਼ਵ ਸਿਹਤ ਸੰਗਠਨ ਨੇ ਸਾਰੇ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਨੂੰ ਹਰ ਹਾਲਤ ਦਾ ਸਾਹਮਣਾ ਕਰਨ ਦੇ ਲਈ ਤਿਆਰ ਰਹਿਣ ਅਤੇ ਰੋਕਥਾਮ ਦੇ ਉਪਾਅ ਯਕੀਨੀ ਬਣਾਉਣ ਲਈ ਕਿਹਾ।

ਡਬਲਯੂ ਐੱਚ ਓ ਦੱਖਣੀ-ਪੂਰਬੀ ਏਸ਼ੀਆ ਖੇਤਰ ਦੀ ਡਾਇਰੈਕਟਰ ਪੂਨਮ ਖੇਤਰਪਾਲ ਸਿੰਘ ਨੇ ਕਿਹਾ ਕਿ ਦੇਸ਼ਾਂ ਨੂੰ ਮੁੱਖ ਤਰਜੀਹੀ ਪਹਿਲੇ ਮਾਮਲੇ, ਪਹਿਲੇ ਕਲਸਟਰ ਅਤੇ ਕਮਿਊਨਿਟੀ ਟਰਾਂਸਮਿਸ਼ਨ ਦੇ ਪਹਿਲੇ ਸਬੂਤ 'ਤੇ ਤੇਜ਼ੀ ਨਾਲ ਪ੍ਰਤੀਕਿਰਿਆ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਸ਼ੁਰੂ ਦੀ ਰੋਕਥਾਮ ਦੇ ਉਪਾਅ ਇਨ੍ਹਾਂ ਦੇਸ਼ਾਂ ਵਿੱਚ ਟਰਾਂਸਮਿਸ਼ਨ ਨੂੰ ਰੋਕਣ ਵਿੱਚ ਮਦਦ ਕਰ ਸਕਦੇ ਹਨ। ਇਸ ਖੇਤਰ ਵਿੱਚ 11 ਵਿੱਚੋਂ ਪੰਜ ਦੇਸ਼ਾਂ ਵਿੱਚ ਕੋਰੋਨਾ ਵਾਇਰਸ ਦੇ ਮਾਮਲੇ ਪਤਾ ਲੱਗ ਚੁੱਕੇ ਹਨ। ਥਾਈਲੈਂਡ 'ਚ 43, ਭਾਰਤ ਵਿੱਚ 28, ਇੰਡੋਨੇਸ਼ੀਆ ਵਿੱਚ ਦੋ, ਸ੍ਰੀਲੰਕਾ ਅਤੇ ਨੇਪਾਲ ਵਿੱਚ ਇੱਕ-ਇੱਕ ਕੇਸ ਪਤਾ ਲੱਗਾ ਹੈ। ਪੂਨਮ ਨੇ ਪ੍ਰਭਾਵਤ ਲੋਕਾਂ ਦੀ ਜਲਦ ਪਛਾਣ ਕਰਨ, ਵੱਖ ਰੱਖਣ ਅਤੇ ਲੋਕਾਂ ਦੇ ਸੰਪਰਕ ਵਿੱਚ ਆਉਣ ਤੋਂ ਰੋਕਣ ਦੀ ਗੱਲ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਵਿਸ਼ਵ ਅਤੇ ਡਬਲਯੂ ਐੱਚ ਓ ਦੇ ਦੱਖਣੀ ਪੂਰਬੀ ਏਸ਼ੀਆ ਖੇਤਰ ਵਿੱਚ ਕੋਰੋਨਾ ਵਾਇਰਸ ਦਾ ਖਤਰਾ ਬਹੁਤ ਜ਼ਿਆਦਾ ਹੈ। ਇਸ ਦੇ ਹੋਰ ਮਾਮਲੇ ਸਾਹਮਣੇ ਆਉਣ ਦਾ ਖਦਸ਼ਾ ਹੈ।

# 10 ਬੈਂਕਾਂ ਮਿਲਾ ਕੇ ਚਾਰ ਮੈਗਾ ਬੈਂਕ ਬਣਾਏ ਜਾਣਗੇ



ਨਵੀਂ ਦਿੱਲੀ, 5 ਮਾਰਚ (ਪੋਸਟ ਬਿਊਰੋ)- ਕੇਂਦਰੀ ਕੈਬਨਿਟ ਦੀ ਬੈਠਕ ਵਿੱਚ ਦੇਸ਼ ਦੇ 10 ਬੈਂਕਾਂ ਇਕੱਠੇ ਕਰਨ ਦੇ ਲਈ ਪ੍ਰਵਾਨਗੀ ਮਿਲ ਗਈ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕੱਲ੍ਹ ਦੱਸਿਆ ਕਿ ਪਬਲਿਕ ਸੈਕਟਰ ਦੇ 10 ਬੈਂਕਾਂ ਨੂੰ ਮਿਲਾ ਕੇ ਚਾਰ ਮੈਗਾ ਬੈਂਕ ਬਣਾਏ ਜਾਣਗੇ। ਪੰਜਾਬ ਨੈਸ਼ਨਲ ਬੈਂਕ (ਪੀ ਐੱਨ ਬੀ) ਦੇ ਨਾਲ ਬੈਂਕ ਆਫ ਕਾਮਰਸ ਅਤੇ ਯੂਨਾਈਟਿਡ ਬੈਂਕ ਨੂੰ ਜੋੜਿਆ ਜਾਏਗਾ। ਕੇਨਰਾ ਬੈਂਕ ਤੇ ਸਿੰਡੀਕੇਟ ਬੈਂਕ ਨੂੰ ਮਿਲਾ ਕੇ ਨਵਾਂ ਬੈਂਕ ਬਣਾਇਆ ਜਾਏਗਾ। ਯੂਨੀਅਨ ਬੈਂਕ ਨਾਲ ਆਂਧਰਾ ਬੈਂਕ ਅਤੇ ਕਾਰਪੋਰੇਸ਼ਨ ਬੈਂਕ ਨੂੰ ਮਿਲਾ ਕੇ ਨਵਾਂ ਬੈਂਕ ਬਣੇਗਾ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਮੁਤਾਬਕ ਬੈਂਕਾਂ ਦੇ ਰਲੇਵੇਂ ਦੀ ਪ੍ਰਕਿਰਿਆ ਨੂੰ ਇਸ ਸਾਲ 31 ਮਾਰਚ ਤੱਕ ਮੁਕੰਮਲ ਕਰ ਲਿਆ ਜਾਏਗਾ ਅਤੇ ਇੱਕ ਅਪ੍ਰੈਲ ਤੋਂ ਲਾਗੂ ਕੀਤਾ ਜਾਏਗਾ। ਉਨ੍ਹਾਂ ਵੱਲੋਂ 10 ਬੈਂਕਾਂ ਦੇ ਰਲੇਵੇਂ ਦੇ ਪ੍ਰਸਤਾਵ ਨੂੰ ਅੱਗੇ ਵਧਾਇਆ ਗਿਆ ਸੀ। ਸਰਕਾਰ ਇਨ੍ਹਾਂ ਬੈਂਕਾਂ ਨਾਲ ਲਗਾਤਾਰ ਸੰਪਰਕ ਵਿੱਚ ਹੈ। ਬੈਂਕਾਂ ਦੇ ਰਲੇਵੇਂ ਦਾ ਕੰਮ ਜਾਰੀ ਹੈ। ਇਸ ਫੈਸਲੇ ਨੂੰ ਪਹਿਲਾਂ ਹੀ ਬੈਂਕ ਬੋਰਡ ਵੱਲੋਂ ਪ੍ਰਵਾਨਗੀ ਮਿਲ ਚੁੱਕੀ ਹੈ। ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਪਿਛਲੇ ਸਾਲ ਅਗਸਤ ਵਿੱਚ ਬੈਂਕਾਂ ਦੇ ਰਲੇਵੇਂ ਦਾ ਐਲਾਨ ਕੀਤਾ ਸੀ। ਇਸ ਦਾ ਵਿਚਾਰ ਦਸੰਬਰ 2018 ਵਿੱਚ ਰਿਜ਼ਰਵ ਬੈਂਕ ਵੱਲੋਂ ਆਇਆ ਸੀ। ਉਦੋਂ ਰਿਜ਼ਰਵ ਬੈਂਕ ਨੇ ਕਿਹਾ ਸੀ ਕਿ ਭਾਰਤ ਦੇ ਕੁਝ ਸਰਕਾਰੀ ਮਾਲਕੀ ਵਾਲੇ ਬੈਂਕਾਂ ਦਾ ਰਲੇਵਾਂ ਕਰ ਕੇ ਇੱਕ ਗਲੋਬਲ ਬੈਂਕਿੰਗ ਸਿਸਟਮ ਨੂੰ ਤਿਆਰ ਕੀਤਾ ਜਾ ਸਕਦਾ ਹੈ। ਬੈਂਕ ਯੂਨੀਅਨ ਵੱਲੋਂ ਸਰਕਾਰ ਦੇ ਇਸ ਕਦਮ ਉੱਤੇ ਕਿਹਾ ਜਾ ਰਿਹਾ ਹੈ ਕਿ ਰਲੇਵੇਂ ਨਾਲ ਬੈਂਕਿੰਗ ਸੈਕਟਰ ਦੀਆਂ ਮੁਸ਼ਕਲਾਂ ਦੂਰ ਨਹੀਂ ਹੋਣਗੀਆਂ।

# ਨਾਗਰਿਕਤਾ ਸੋਧ ਬਿੱਲ ਤੋਂ ਬ੍ਰਿਟੇਨ ਵੀ ਫਿਕਰਮੰਦ

ਲੰਡਨ, 5 ਮਾਰਚ (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਸੰਭਾਵਿਤ ਅਸਰ ਬਾਰੇ ਚਿੰਤਾ ਦੁਹਰਾਉਂਦਿਆਂ ਕਿਹਾ ਹੈ ਕਿ ਉਹ ਭਾਰਤ 'ਚ ਵਾਪਰ ਰਹੀਆਂ ਘਟਨਾਵਾਂ 'ਤੇ ਲਗਾਤਾਰ ਨੇੜਿਉਂ ਨਿਗਾਹ ਰੱਖ ਰਿਹਾ ਹੈ ਅਤੇ ਇਸ ਬਾਰੇ ਕੁਝ ਚਰਚਾ ਵੀ ਬ੍ਰਿਟਿਸ਼ ਪਾਰਲੀਮੈਂਟ ਵਿੱਚ ਹੋਈ ਹੈ।




ਵਿਰੋਧੀ ਧਿਰ ਲੇਬਰ ਪਾਰਟੀ ਦੇ ਪਾਕਿਸਤਾਨੀ ਮੂਲ ਦੇ ਪਾਰਲੀਮੈਂਟ ਮੈਂਬਰ ਖਾਲਿਦ ਮਹਿਮੂਦ ਨੇ 'ਭਾਰਤ ਵਿੱਚ ਬੀਤੇ ਦਿਨੀਂ ਹੋਈ ਹਿੰਸਾ' ਬਾਰੇ ਹਾਊਸ ਆਫ਼ ਕਾਮਨਜ਼ ਵਿੱਚ ਕੱਲ੍ਹ ਸਵਾਲ ਪੁੱਛਿਆ ਸੀ। ਇਸ ਦੇ ਜਵਾਬ ਵਿੱਚ ਵਿਦੇਸ਼ ਅਤੇ ਕਾਮਨਵੈਲਥ ਮਾਮਲਿਆਂ ਬਾਰੇ ਮੰਤਰੀ ਨਾਈਜਲ ਐਡਮਜ਼ ਨੇ ਕਿਹਾ ਕਿ ਇੰਗਲੈਂਡ ਨੇ ਮਨੁੱਖੀ ਹੱਕਾਂ ਸਣੇ ਹਰ ਪੱਧਰ 'ਤੇ ਭਾਰਤ ਨਾਲ ਸੰਪਰਕ ਬਣਾਇਆ ਹੋਇਆ ਹੈ। ਉਨ੍ਹਾਂ ਦੇਸ਼ ਦੀ ਧਾਰਮਿਕ ਸਹਿਣਸ਼ੀਲਤਾ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲੀ ਸਰਕਾਰ ਦੇ 'ਗੌਰਵਸ਼ਾਲੀ ਇਤਿਹਾਸ' ਦਾ ਵੀ ਜ਼ਿਕਰ ਕੀਤਾ। ਵਿਦੇਸ਼ ਮੰਤਰੀ ਡੌਮੀਨਿਕ ਰਾਬ ਦੇ ਤੁਰਕੀ ਦੌਰੇ 'ਤੇ ਹੋਣ ਕਰਕੇ ਐਡਮਜ਼ ਨੇ ਇਹ ਜਵਾਬ ਦਿੱਤਾ। ਉਨ੍ਹਾ ਨੇ ਕਿਹਾ ਕਿ ਭਾਰਤ ਸਰਕਾਰ ਨਾਲ ਗੂੜ੍ਹੇ ਸਬੰਧ ਹੋਣ ਕਰਕੇ ਬ੍ਰਿਟੇਨ ਇਨ੍ਹਾਂ ਵਿਵਾਦਤ ਮੁੱਦਿਆਂ ਬਾਰੇ ਉਨ੍ਹਾਂ ਨਾਲ ਚਰਚਾ ਕਰ ਸਕਦਾ ਹੈ ਅਤੇ ਘੱਟ ਗਿਣਤੀਆਂ ਦੇ ਹੱਕਾਂ ਸਮੇਤ ਹੋਰ ਮੁੱਦਿਆਂ 'ਤੇ ਜਦੋਂ ਬ੍ਰਿਟੇਨ ਚਿੰਤਾ ਜ਼ਾਹਿਰ ਕਰਦਾ ਹੈ ਤਾਂ ਭਾਰਤ ਇਨ੍ਹਾਂ ਨੂੰ ਦੂਰ ਕਰਨ ਦੀਆਂ ਕੋਸ਼ਿਸ਼ਾਂ ਕਰਦਾ ਹੈ।

ਮਹਿਮੂਦ ਨੇ ਸਰਕਾਰੀ ਜਵਾਬ ਨੂੰ ਖਾਨਾ ਪੂਰਤੀ ਆਖਿਆ। ਪਾਕਿਸਤਾਨੀ ਮੂਲ ਦੀ ਪਾਰਲੀਮੈਂਟ ਮੈਂਬਰ ਨੁਸਰਤ ਗਨੀ ਨੇ ਸਰਕਾਰ ਨੂੰ ਕਿਹਾ ਕਿ ਉਹ ਯੂ ਕੇ ਪਾਰਲੀਮੈਂਟ ਵੱਲੋਂ ਜਤਾਈ ਚਿੰਤਾ ਭਾਰਤੀ ਅਧਿਕਾਰੀਆਂ ਨਾਲ ਸਾਂਝੀ ਕਰੇ।

# ਬ੍ਰਿਟੇਨ ਦੀ ਸਭ ਤੋਂ ਵੱਡੀ ਹਵਾਈ ਕੰਪਨੀ ਕੋਰੋਨਾ ਵਾਇਰਸ ਕਾਰਨ ਠੱਪ

ਲੰਡਨ, 5 ਮਾਰਚ (ਪੋਸਟ ਬਿਊਰੋ)- ਬ੍ਰਿਟੇਨ ਦੀ ਸਭ ਤੋਂ ਵੱਡੀ ਏਅਰਲਾਈਨ 'ਫਲਾਈਬੇ' ਨੇ ਵੀਰਵਾਰ ਨੂੰ ਆਪਣੇ ਸਾਰੇ ਜਹਾਜ਼ਾਂ ਨੂੰ ਖੜ੍ਹੇ ਕਰ ਕੇ ਕੰਮ ਬੰਦ ਕਰ ਦਿੱਤਾ ਹੈ, ਜਿਸ ਨਾਲ ਹਵਾਈ ਮੁਸਾਫਰਾਂ ਵਿੱਚ ਖਲਬਲੀ ਮੱਚ ਗਈ ਹੈ। ਕੰਪਨੀ ਨੇ ਆਪਣੇ ਮੁਸਾਫਰਾਂ ਨੂੰ ਹਵਾਈ ਅੱਡੇ ਉੱਤੇ ਨਾ ਆਉਣ ਲਈ ਕਿਹਾ ਹੈ। ਫਲਾਈਬੇ ਕੋਲ ਜਿਨ੍ਹਾਂ ਨੇ ਸਫਰ ਦੀ ਬੁਕਿੰਗ ਕੀਤੀ ਸੀ, ਉਨ੍ਹਾਂ ਨੂੰ ਕਿਸੇ ਹੋਰ ਕੰਪਨੀ ਦੀ ਬਦਲਵੀਂ ਫਲਾਈਟ ਬੁੱਕ ਕਰਨੀ ਹੋਵੇਗੀ। ਕੰਪਨੀ ਨੇ ਇਕ ਬਿਆਨ ਦਿੱਤਾ ਹੈ ਕਿ 'ਜੇ ਤੁਸੀਂ ਫਲਾਈਬੇ ਨਾਲ ਉਡਾਣ ਭਰਨ ਵਾਲੇ ਹੋ, ਜਦੋਂ ਤਕ ਤੁਸੀਂ ਕਿਸੇ ਹੋਰ ਏਅਰਲਾਈਨ ਕੋਲੋਂ ਬਦਲਵੀਂ ਉਡਾਣ ਦਾ ਪ੍ਰਬੰਧ ਨਹੀਂ ਕਰ ਲੈਂਦੇ, ਕ੍ਰਿਪਾ ਕਰਕੇ ਏਅਰਪੋਰਟ ਉੱਤੇ ਨਾ ਆਇਓ।'

ਵਰਨਣ ਯੋਗ ਹੈ ਕਿ ਹਰ ਸਾਲ ਕਰੀਬ 80 ਲੱਖ ਯਾਤਰੀ 'ਫਲਾਈਬੇ' ਦੀ ਬੁਕਿੰਗ ਦੇ ਨਾਲ ਹਵਾਈ ਸਫਰ ਕਰਦੇ ਸਨ। ਭਾਰਤ ਵਿੱਚ ਇਸ ਦਾ ਨਿੱਜੀਕਰਨ ਦੇ ਰਸਤੇ ਉੱਤੇ ਜਾ ਰਹੀ ਏਅਰਲਾਈਨ ਏਅਰ ਇੰਡੀਆ ਨਾਲ ਸਾਲ 2016 ਤੋਂ ਕੋਡ-ਸ਼ੇਅਰ ਸਮਝੌਤਾ ਹੈ, ਇਹ ਯੂਰਪ ਦੀ ਯਾਤਰਾ ਕਰਨ ਵਾਲੇ ਉਨ੍ਹਾਂ ਭਾਰਤੀ ਮੁਸਾਫਰਾਂ ਲਈ ਬੁਰੀ ਖਬਰ ਬਣ ਸਕਦੀ ਹੈ, ਜਿਹੜੇ ਏਅਰ ਇੰਡੀਆ ਦੀ ਮਦਦ ਨਾਲ ਫਲਾਈਬੇ ਵਿੱਚ ਸੌਖੀ ਸੀਟ ਬੁੱਕ ਕਰਵਾ ਸਕਦੇ ਸਨ। ਇਸ ਸਮਝੌਤੇ ਹੇਠ ਇਕ ਕੰਪਨੀ ਦੇ ਯਾਤਰੀ ਨੂੰ ਪਾਰਟਨਰ ਏਅਰਲਾਈਨ ਵਿੱਚ ਸੀਟ ਬੁੱਕ ਕਰਨ ਦੀ ਸੁਵਿਧਾ ਹੁੰਦੀ ਹੈ। ਬ੍ਰਿਟੇਨ ਸਰਕਾਰ ਵੱਲੋਂ ਏਅਰਲਾਈਨ ਨੂੰ ਫਿਰ ਪੈਰਾਂ ਸਿਰ ਖੜ੍ਹੀ ਕਰਨ ਦਾ ਕੋਈ ਯਤਨ ਹੋਵੇਗਾ ਜਾਂ ਨਹੀਂ, ਹਾਲੇ ਇਸ ਦਾ ਪਤਾ ਨਹੀਂ।

# ਉੱਤਰੀ-ਪੱਛਮੀ ਸੀਰੀਆ ਉੱਤੇ ਰੂਸ ਦੇ ਹਵਾਈ ਹਮਲੇ ਵਿੱਚ ਇਕ ਬੱਚੇ ਸਣੇ 15 ਦੀ ਹੋਈ ਮੌਤ

ਮਿਸਰਿਨ (ਸੀਰੀਆ), 5 ਮਾਰਚ (ਪੋਸਟ ਬਿਊਰੋ)- ਅੱਜ ਵੀਰਵਾਰ ਨੂੰ ਉੱਤਰੀ-ਪੱਛਮੀ ਸੀਰੀਆ ਦੇ ਇਦਲਿਬ ਸ਼ਹਿਰ ਉੱਤੇ ਰੂਸ ਦੇ ਹਵਾਈ ਹਮਲੇ ਵਿਚ ਇਕ ਬੱਚੇ ਸਣੇ 15 ਸ਼ਹਿਰੀਆਂ ਦੀ ਮੌਤ ਹੋ ਗਈ।



ਸੀਰੀਆ ਦੀ ਮਨੁੱਖੀ ਅਧਿਕਾਰ ਜੱਥੇਬੰਦੀ ਅਨੁਸਾਰ ਇਹ ਹਮਲਾ ਅੱਧੀ ਰਾਤ ਉਸ ਪਾਸੇ ਵੱਲ ਕੀਤਾ ਗਿਆ ਜਿੱਥੇ ਸੀਰੀਆ ਦੇ ਵੱਖ-ਵੱਖ ਖੇਤਰਾਂ ਤੋਂ ਹਿਜਰਤ ਕਰ ਕੇ ਆਏ ਲੋਕ ਠਹਿਰੇ ਸਨ। ਹਮਲੇ ਵਿੱਚ ਦੋ ਮੰਜ਼ਲਾ ਇਮਾਰਤ ਡਿੱਗ ਗਈ ਤੇ ਰਾਹਤ ਕਰਮੀਆਂ ਨੂੰ ਹੋਰ ਲਾਸ਼ਾਂ ਸਣੇ ਇਕ ਬੱਚੀ ਦੀ ਲਾਸ਼ ਨੂੰ ਲਿਜਾਂਦੇ ਹੋਏ ਦੇਖਿਆ ਗਿਆ। ਇਸ ਹਮਲੇ ਵਿਚ ਇਕ ਪੋਲਟਰੀ ਫਾਰਮ ਤਬਾਹ ਹੋ ਗਿਆ, ਜਿੱਥੇ ਹਿਜਰਤਕਾਰੀ ਲੋਕ ਠਹਿਰੇ ਸਨ। ਮਨੁੱਖੀ ਅਧਿਕਾਰ ਜੱਥੇਬੰਦੀ ਅਨੁਸਾਰ ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ ਕਿਉਂਕਿ ਕਈ ਜ਼ਖ਼ਮੀਆਂ ਦੀ ਹਾਲਤ ਗੰਭੀਰ ਹੈ।

ਮਾਸਕੋ ਦੀ ਸ਼ਹਿ ਵਾਲੀਆਂ ਸੀਰੀਅਨ ਫ਼ੌਜਾਂ ਨੇ ਪਿਛਲੇ ਸਾਲ ਦਸੰਬਰ ਤੋਂ ਜੇਹਾਦੀਆਂ ਦੇ ਕਬਜ਼ੇ ਵਾਲੇ ਇਦਲਿਬ ਉੱਤੇ ਹਮਲੇ ਤੇਜ਼ ਕਰ ਦਿੱਤੇ ਹਨ। ਇਸ ਨਾਲ ਹਜ਼ਾਰਾਂ ਲੋਕਾਂ, ਜਿਨ੍ਹਾਂ ਵਿਚ ਬਹੁਤੇ ਔਰਤਾਂ ਤੇ ਬੱਚੇ ਹਨ, ਨੂੰ ਆਪਣਾ ਘਰ ਛੱਡ ਕੇ ਹਿਜਰਤ ਲਈ ਮਜਬੂਰ ਹੋਣਾ ਪਿਆ ਹੈ। ਰੂਸ ਪੱਖੀ ਫ਼ੌਜਾਂ ਦੀ ਕਾਰਵਾਈ ਤੋਂ ਪਹਿਲਾਂ ਇਦਲਿਬ ਵਿਚ 30 ਲੱਖ ਲੋਕ ਸਨ, ਜਿਨ੍ਹਾਂ ਵਿਚੋਂ ਅੱਧੀ ਆਬਾਦੀ ਹਿਜਰਤ ਕਰ ਚੁੱਕੀ ਹੈ। ਇਹ ਹਵਾਈ ਹਮਲਾ ਉਦੋਂ ਹੋਇਆ, ਜਦੋਂ ਮਾਸਕੋ ਵਿਚ ਰੂਸ ਅਤੇ ਤੁਰਕੀ ਦੇ ਆਗੂ ਬੈਠਕ ਕਰ ਕੇ ਇਦਲਿਬ ਦੇ ਹਾਲ ਉੱਤੇ ਵਿਚਾਰ ਕਰ ਰਹੇ ਹਨ। ਤੁਰਕੀ ਕੁਝ ਬਾਗ਼ੀ ਧੜਿਆਂ ਦੀ ਹਮਾਇਤ ਕਰਦਾ ਹੈ। 2011 ਤੋਂ ਸੀਰੀਆ ਵਿਚ ਚੱਲਦੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਅੱਜ ਤਕ 3,80,000 ਲੋਕ ਮਾਰੇ ਜਾ ਚੁੱਕੇ ਹਨ ਅਤੇ ਹਜ਼ਾਰਾਂ ਲੋਕਾਂ ਨੂੰ ਹਿਜਰਤ ਕਰਨ ਲਈ ਮਜਬੂਰ ਹੋਣਾ ਪਿਆ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Dr. Randhawa Dentistry



Your own dentist who really cares for you


We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111






# ਬਹਿਬਲ ਕਲਾਂ ਗੋਲੀ ਕਾਂਡ ਬਾਰੇ ਹਾਈ ਕੋਰਟ ਤੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

ਚੰਡੀਗੜ੍ਹ, 5 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਹੋਰ ਮੁਦਈ ਧਿਰਾਂ ਨੂੰ ਇੱਕ ਅਪ੍ਰੈਲ ਦੇ ਲਈ ਨੋਟਿਸ ਜਾਰੀ ਕੀਤੇ ਹਨ। ਬਹਿਬਲ ਕਲਾਂ ਥਾਣੇ ਦੇ ਸਾਬਕਾ ਐੱਸ ਐੱਚ ਓ ਗੁਰਦੀਪ ਸਿੰਘ ਪੰਧੇਰ ਅਤੇ ਸਾਬਕਾ ਹੈੱਡ ਕਾਂਸਟੇਬਲ ਰਛਪਾਲ ਸਿੰਘ ਨੇ ਹਾਈ ਕੋਰਟ 'ਚ ਅਰਜ਼ੀ ਦੇ ਕੇ ਪੰਜਾਬ ਪੁਲਸ ਵੱਲੋਂ ਸਾਲ 2018 ਵਿੱਚ ਦਰਜ ਕੇਸਾਂ ਨੂੰ ਗੈਰ ਕਾਨੂੰਨੀ ਕਿਹਾ ਅਤੇ ਮੰਗ ਕੀਤੀ ਸੀ ਕਿ ਇੱਕੋ ਘਟਨਾ ਲਈ ਦੂਸਰਾ ਕੇਸ ਦਰਜ ਕਰਨਾ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ ਹੈ, ਇਸ ਲਈ ਰੱਦ ਕਰ ਦਿੱਤਾ ਜਾਵੇ।

ਇਸ ਕੇਸ ਦੀ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਮੁਖੀ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਉੱਤੇ ਪੱਖਪਾਤ ਦੇ ਦੋਸ਼ ਲਾ ਕੇ ਪਟੀਸ਼ਨਰਾਂ ਨੇ ਮੰਗ ਕੀਤੀ ਸੀ ਕਿ ਕੋਟਕਪੂਰਾ ਥਾਣੇ ਵਿੱਚ ਸੱਤ ਅਗਸਤ 2018 ਨੂੰ ਦਰਜ ਕੇਸ ਅਤੇ ਹੋਰ ਸੰਬੰਧਤ ਮਾਮਲਿਆਂ ਦੀ ਜਾਂਚ ਤੋਂ ਉਨ੍ਹਾਂ ਨੂੰ ਹਟਾਇਆ ਜਾਵੇ। ਸੇਵਾਮੁਕਤ ਹੋ ਚੁੱਕੇ ਹੈੱਡ




ਕਾਂਸਟੇਬਲ ਰਛਪਾਲ ਸਿੰਘ ਨੇ ਅਰਜ਼ੀ ਵਿੱਚ ਕਿਹਾ ਕਿ ਕੋਟਕਪੂਰਾ ਦੇ ਬੱਤੀਆਂਵਾਲਾ ਚੌਕ ਉੱਤੇ 14 ਅਕਤੂਬਰ ਨੂੰ ਉਸ ਦੀ ਡਿਊਟੀ ਦੌਰਾਨ ਪ੍ਰਦਰਸ਼ਨ ਕਰਨ ਵਾਲਿਆਂ ਨੇ ਪੁਲਸ ਉੱਤੇ ਹਮਲਾ ਕੀਤਾ ਸੀ, ਜਿਸ ਵਿੱਚ ਪਟੀਸ਼ਨਰ ਦੇ ਨਾਲ ਲਗਭਗ ਪੰਜਾਹ ਪੁਲਸ ਕਰਮਚਾਰੀ ਜ਼ਖਮੀ ਹੋਏ ਸਨ। ਰਸ਼ਪਾਲ ਸਿੰਘ ਨੇ ਕਿਹਾ ਕਿ ਘਟਨਾ ਵਿੱਚ ਗੰਭੀਰ ਸੱਟਾਂ ਲੱਗਣ ਨਾਲ ਉਹ ਸਥਾਈ ਅੰਗਹੀਣ ਹੋ ਗਿਆ ਅਤੇ 31 ਅਕਤੂਬਰ 2018 ਨੂੰ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲੈਣੀ ਪਈ ਸੀ। ਪਟੀਸ਼ਨ ਅਨੁਸਾਰ ਕੋਟਕਪੂਰਾ ਥਾਣੇ ਵਿੱਚ 14 ਅਕਤੂਬਰ 2015 ਨੂੰ ਦਰਜ ਕੇਸ ਉੱਤੇ ਤਿੰਨ ਸਾਲਾਂ ਤੋਂ ਕੋਈ ਕਾਰਵਾਈ ਨਹੀਂ ਹੋਈ, ਜਦੋਂ ਕਿ 15 ਜਣਿਆਂ ਨੂੰ ਨਾਮਜ਼ਦ ਕੀਤਾ ਗਿਆ ਸੀ, ਜਿਨ੍ਹਾਂ 'ਤੇ ਪੁਲਸ 'ਤੇ ਹਮਲਾ ਕਰਨ, ਅੱਗਜ਼ਨੀ ਅਤੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਸਨ। ਇਸ ਤੋਂ ਬਾਅਦ ਪੁਲਸ ਨੇ ਨੌਂ ਮੁਲਜ਼ਮਾਂ ਨੂੰ ਗ੍ਰਿਫਤਾਰ ਵੀ ਕੀਤਾ ਸੀ। ਰਛਪਾਲ ਸਿੰਘ ਨੇ ਕਿਹਾ ਕਿ 2015 ਵਿੱਚ ਦਰਜ ਕੇਸ ਵਿੱਚ ਜਿਨ੍ਹਾਂ ਜ਼ਖਮੀ ਪੁਲਸ ਵਾਲਿਆਂ ਦੇ ਨਾਂਅ ਦਰਜ ਸਨ, ਉਨ੍ਹਾਂ ਤੋਂ ਐਸ ਆਈ ਟੀ ਨੇ ਇੱਕ ਵਾਰ ਪੁੱਛਗਿੱਛ ਨਹੀਂ ਕੀਤੀ। ਸਾਲ 2018 ਵਿੱਚ ਅਜੀਤ ਸਿੰਘ ਨਾਮੀ ਵਿਅਕਤੀ ਦੇ ਬਿਆਨਾਂ 'ਤੇ ਨਵਾਂ ਕੇਸ ਦਰਜ ਕਰ ਲਿਆ, ਜਦੋਂ ਕਿ ਘਟਨਾ ਦੇ ਤਿੰਨ ਸਾਲ ਤੱਕ ਅਜੀਤ ਸਿੰਘ ਨੇ ਕਦੇ ਸ਼ਿਕਾਇਤ ਹੀ ਨਹੀਂ ਕੀਤੀ। ਪਟੀਸ਼ਨਰਾਂ ਨੇ ਅਗਸਤ 2018 'ਚ ਦਰਜ ਕੀਤੇ ਗਏ ਕੇਸ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸ ਕੇ ਰੱਦ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਬਾਰੇ ਹਾਈ ਕੋਰਟ ਨੇ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

## ਸਪੀਕਰ ਨੇ ਵਿਧਾਇਕਾਂ ਨੂੰ ਕਿਹਾ:

# ਇੱਜ਼ਤ ਕਰਾਉਣੀ ਹੈ ਤਾਂ ਕਰਨੀ ਵੀ ਸਿੱਖੋ

*** ਅਕਾਲੀ ਵਿਧਾਇਕ ਟੀਨੂੰ ਦਾ ਕੇਸ ਮਰਿਆਦਾ ਕਮੇਟੀ ਨੂੰ ਸੌਂਪਿਆ**

ਚੰਡੀਗੜ੍ਹ, 5 ਮਾਰਚ (ਪੋਸਟ ਬਿਊਰੋ)- ਹਾਕਮ ਧਿਰ ਕਾਂਗਰਸ ਪਾਰਟੀ ਦੇ ਵਿਧਾਇਕਾਂ ਅਤੇ ਅਕਾਲੀ ਦਲ ਦੇ ਵਿਧਾਇਕ ਪਵਨ ਕੁਮਾਰ ਟੀਨੂੰ ਵਿਚਾਲੇ ਖਿੱਚੋਤਾਣ ਦੇ ਬਾਅਦ ਪੰਜਾਬ ਵਿਧਾਨ ਸਭਾ ਸੈਸ਼ਨ ਮੁੜ ਸ਼ੁਰੂ ਹੋਇਆ ਤਾਂ ਸਦਨ ਨੇ ਸਰਬ ਸੰਮਤੀ ਨਾਲ ਟੀਨੂੰ ਦਾ ਕੇਸ ਵਿਧਾਨ ਸਭਾ ਦੀ ਮਰਿਆਦਾ ਕਮੇਟੀ ਨੂੰ ਸੌਂਪ ਦਿੱਤਾ। ਵਿਧਾਨ ਸਭਾ ਦੇ ਸਪੀਕਰ ਨੇ ਦੋਵਾਂ ਧਿਰਾਂ ਨੂੰ ਸਖ਼ਤੀ ਨਾਲ ਕਿਹਾ ਕਿ ਜੇ ਇੱਜ਼ਤ ਕਰਾਉਣੀ ਹੈ ਤਾਂ ਇੱਜ਼ਤ ਦੇਣੀ ਸਿੱਖਣ।

ਪੰਜਾਬ ਦੇ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਬ੍ਰਹਮ ਮਹਿੰਦਰਾ ਨੇ ਅਕਾਲੀ ਵਿਧਾਇਕ ਪਵਨ ਕੁਮਾਰ ਟੀਨੂੰ ਵੱਲੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਭੱਦੀ ਸ਼ਬਦਾਵਲੀ ਵਰਤਣ ਦੇ ਖਿਲਾਫ ਮਤਾ ਪੇਸ਼ ਕੀਤਾ, ਜਿਸ ਨੂੰ ਸਪੀਕਰ ਰਾਣਾ ਕੇ ਪੀ ਸਿੰਘ ਨੇ ਸਦਨ ਤੋਂ ਪਾਸ ਕਰਵਾ ਦਿੱਤਾ। ਉਸ ਸਮੇਂ ਇੱਕੋ ਅਕਾਲੀ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਸਦਨ ਵਿੱਚ ਹਾਜ਼ਰ ਸਨ, ਜਿਨ੍ਹਾਂ ਲੈ ਕੇ ਦਾਖ਼ਲ ਦੇਣ ਦਾ ਯਤਨ ਕੀਤਾ ਪਰ ਕੋਈ ਗੱਲ ਨਹੀਂ ਬਣੀ। ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪਵਨ ਕੁਮਾਰ ਟੀਨੂੰ ਨੇ ਵਿੱਤ ਮੰਤਰੀ ਦੇ ਖ਼ਿਲਾਫ਼ ਬਹੁਤ ਭੱਦੀ ਭਾਸ਼ਾ ਵਰਤੀ ਹੈ, ਜੋ ਸ਼ਰਮਨਾਕ ਹੈ। ਵਿੱਤ



ਸਪੀਕਰ ਰਾਣਾ ਕੇਪੀ ਸਿੰਘ

ਮੰਤਰੀ ਸ਼ਰੀਫ਼ ਇਨਸਾਨ ਹਨ ਤੇ ਉਨ੍ਹਾਂ ਕਦੇ ਕਿਸੇ ਖ਼ਿਲਾਫ਼ ਇਹੋ ਜਿਹੀ ਭਾਸ਼ਾ ਨਹੀਂ ਵਰਤੀ।

ਇਸ ਮੌਕੇ ਅਕਾਲੀ ਦਲ ਦੇ ਵਿਧਾਇਕ ਬਹਿਲਬਲ ਕਲਾਂ, ਬਰਗਾੜੀ ਕਾਂਡ ਨਾਲ ਸਬੰਧਤ ਮ੍ਰਿਤਕ ਸੁਰਜੀਤ ਸਿੰਘ ਦੀ ਪਤਨੀ ਜਸਬੀਰ ਕੌਰ ਦੀ ਪ੍ਰੈਸ ਕਾਨਫਰੰਸ ਕਰਵਾਉਣ ਪਿੱਛੋਂ ਸਦਨ ਵਿੱਚ ਆ ਗਏ ਅਤੇ ਅਕਾਲੀ ਵਿਧਾਇਕ ਦਲ ਦੇ ਨੇਤਾ ਸ਼ਰਨਜੀਤ ਸਿੰਘ ਢਿੱਲੋਂ ਨੇ ਪਵਨ ਕੁਮਾਰ ਟੀਨੂੰ ਦਾ ਪੱਖ ਪੇਸ਼ ਕਰਦਿਆਂ ਕਿਹਾ ਕਿ ਉਸ ਨੂੰ ਵਿਧਾਨ ਸਭਾ 'ਚ ਡੰਗਰ ਆਖਿਆ ਗਿਆ ਤੇ ਮਾੜਾ ਵਿਹਾਰ ਕੀਤਾ ਗਿਆ ਹੈ। ਇਸ ਉਤੇ ਸਪੀਕਰ ਰਾਣਾ ਕੇ ਪੀ ਸਿੰਘ ਨੇ ਕਿਹਾ ਕਿ ਟੀਨੂੰ ਨੇ ਚਾਰ ਦਿਨ ਪਹਿਲਾਂ ਬਹੁਤ ਮਾੜੇ ਸ਼ਬਦ ਕਹੇ ਸਨ। ਉਨ੍ਹਾਂ ਕਿਹਾ, 'ਜੇ ਆਪ ਇੱਜ਼ਤ ਲੈਣੀ ਹੈ ਤਾਂ ਦੂਜਿਆਂ ਦੀ ਇੱਜ਼ਤ ਕਰਨੀ ਵੀ ਸਿੱਖਣੀ ਪਵੇਗੀ।' ਅਕਾਲੀ ਵਿਧਾਇਕ ਬਿਰਕਮ ਸਿੰਘ ਮਜੀਠੀਆ ਨੇ ਇਸ ਮਾਮਲੇ ਦੀ ਆਜ਼ਾਦਾਨਾ ਜਾਂਚ ਕਰਵਾਉਣ ਤੇ ਸਬੰਧਤ ਰਿਕਾਰਡ ਸੀਲ ਕਰਨ ਦੀ ਮੰਗ ਕੀਤੀ। ਇਸ ਮੌਕੇ ਕਾਂਗਰਸੀ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਬਿਕਰਮ ਸਿੰਘ ਮਜੀਠੀਆ ਬਾਰੇ ਕਿਹਾ ਕਿ ਉਸ ਨੇ ਅਤੇ ਉਸ ਦੇ ਕਰੀਬੀ ਰਿਸ਼ਤੇਦਾਰ ਨੇ ਪੰਜਾਬ ਨੂੰ ਲੁੱਟ ਕੇ ਖਾ ਲਿਆ ਹੈ, ਜਿਸ ਕਾਰਨ ਅਕਾਲੀ ਦਲ ਖੇਰੂੰ-ਖੇਰੂੰ ਹੁੰਦਾ ਜਾਂਦਾ ਹੈ। ਮਜੀਠੀਆ ਨੇ ਵੀ ਢਿੱਲੋਂ ਦੇ ਖ਼ਿਲਾਫ਼ ਸਖ਼ਤ ਭਾਸ਼ਾ ਵਰਤੀ, ਪਰ ਸਪੀਕਰ ਨੇ ਉਸ ਨੂੰ ਕਾਰਵਾਈ ਵਿੱਚੋਂ ਕੱਢਵਾ ਦਿੱਤਾ। ਸਪੀਕਰ ਨੇ ਢਿੱਲੋਂ ਵੱਲੋਂ ਵਰਤੇ ਕੁਝ ਸ਼ਬਦ ਵੀ ਕਾਰਵਾਈ ਵਿੱਚੋਂ ਕਢਵਾ ਦਿੱਤੇ। ਇਸ ਪਿੱਛੋਂ ਕੈਬਨਿਟ ਮੰਤਰੀ ਗੁਰਪ੍ਰੀਤ ਕਾਂਗੜ ਨੇ ਮਜੀਠੀਆ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਉਣ ਦੇ ਦੋਸ਼ ਲਾਏ। ਕਾਂਗਰਸੀ ਵਿਧਾਇਕ ਕੁਲਜੀਤ ਨਾਗਰਾ ਨੇ ਵੀ ਬੋਲਣ ਦਾ ਯਤਨ ਕੀਤਾ ਪਰ ਸਪੀਕਰ ਨੇ ਆਗਿਆ ਨਹੀਂ ਦਿੱਤੀ।

## ਖੜ੍ਹੇ ਟਰੱਕ ਵਿੱਚ ਟਰਾਲੇ ਦੀ ਟੱਕਰ ਨਾਲ ਦੋ ਮੌਤਾਂ

ਮਾਹਿਲਪੁਰ, 5 ਮਾਰਚ (ਪੋਸਟ ਬਿਊਰੋ)- ਮਾਹਿਲਪੁਰ-ਚੰਡੀਗੜ੍ਹ ਸੜਕ 'ਤੇ ਪਿੰਡ ਬਡੋਆਣ ਨੇੜੇ ਪੈਟਰੋਲ ਪੰਪ ਕੋਲ ਇੱਕ ਖੜ੍ਹੇ ਟਰੱਕ ਵਿੱਚ ਪਿੱਛੋਂ ਆਏ ਇੱਕ ਤੇਜ਼ ਰਫਤਾਰ ਟਰਾਲੇ ਨੇ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਟਰੱਕ ਕੋਲ ਖੜ੍ਹੇ ਦੋ ਨੌਜਵਾਨਾਂ ਬਲਜੀਤ ਸਿੰਘ ਵਾਸੀ ਮੁੱ-ਗੋਵਾਲ ਅਤੇ ਬਿੰਦਰ ਵਾਸੀ ਖੇੜਾ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਮੁਤਾਬਕ ਮਾਰੇ ਗਏ ਵਿਅਕਤੀ ਬਲਜੀਤ ਸਿੰਘ ਵਾਸੀ ਮੁੱ-ਗੋਵਾਲ ਤੇ ਬਿੰਦਰ ਸਿੰਘ ਪਿੰਡ ਖੇੜਾ ਇਹ ਹਾਦਸਾ ਵਾਪਰਨ ਵੇਲੇ ਸੜਕ ਦੇ ਇੱਕ ਪਾਸੇ ਆਪਣਾ ਟਰੱਕ ਖੜ੍ਹਾ ਕਰ ਕੇ ਇੱਕ ਕੰਟੇਨਰ ਵਿੱਚੋਂ ਡੀਜ਼ਲ ਭਰ ਰਹੇ ਸਨ। ਇੰਨੇ ਨੂੰ ਪਿਛਲੇ ਪਾਸਿਓਂ ਇੱਕ ਟਰਾਲਾ ਆ ਕੇ ਉਨ੍ਹਾਂ ਨਾਲ ਟਕਰਾ ਗਿਆ। ਇਸ ਟੱਕਰ ਕਾਰਨ ਬਲਜੀਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ, ਜਦ ਕਿ ਬਿੰਦਰ ਸਿੰਘ ਨੇ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਵਿੱਚ ਇਲਾਜ ਦੌਰਾਨ ਅੱਧੀ ਰਾਤ ਸਮੇਂ ਦਮ ਤੋੜਿਆ। ਟਰਾਲੇ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਇਸ ਮਾਮਲੇ ਦੀ ਜਾਂਚ ਏ ਐੱਸ ਆਈ ਦਲਜੀਤ ਕੁਮਾਰ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਟਰੱਕ ਦੇ ਕੋਈ ਰਿਫਲੈਕਟਰ ਨਹੀਂ ਲੱਗਾ ਹੋਇਆ ਸੀ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਨਾ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative


Tel: 905.793.5777 416.802.5866

31 Melanie Dr. Unit #4 Brampton, ON L6T 5H8





Bramalea / Sandalwood

ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਊਟਰ ਟਾਪ, ਵਾਕ ਆਊਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।




VAUGHAN

ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington

8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

# ਹਥਿਆਰਬੰਦ ਲੁਟੇਰੇ ਇੱਕ ਕਿਲੋ ਸੋਨੇ ਦੇ ਗਹਿਣੇ ਲੈ ਕੇ ਫਰਾਰ

ਲੁਧਿਆਣਾ, 5 ਮਾਰਚ (ਪੋਸਟ ਬਿਊਰੋ)- ਇਸ ਮਹਾਨਗਰ ਦੇ ਗਿੱਲ ਚੌਕ ਦੇ ਇਲਾਕੇ ਵਿੱਚ ਹਥਿਆਰਾਂ ਨਾਲ ਲੈਸ ਹੋ ਕੇ ਆਏ ਨਕਾਬਪੋਸ਼ ਲੁਟੇਰਿਆਂ ਨੇ ਜਿਊਲਰ ਸ਼ਾਪ ਨੂੰ ਨਿਸ਼ਾਨਾ ਬਣਾ ਲਿਆ। ਇਸ ਦੁਕਾਨ ਅੰਦਰ ਦਾਖਲ ਹੋਏ ਬਦਮਾਸ਼ਾਂ ਨੇ ਪਿਸਤੌਲ ਅਤੇ ਤਲਵਾਰ ਦੀ ਨੋਕ 'ਤੇ ਇੱਕ ਕਿਲੋ ਸੋਨਾ ਲੁੱਟ ਲਿਆ ਅਤੇ ਫਰਾਰ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਗਿੱਲ ਚੌਕ ਇਲਾਕੇ ਵਿੱਚ ਬਲਵਿੰਦਰ ਸਿੰਘ ਨਾਮ ਦੇ ਵਿਅਕਤੀ ਦੀ ਗੋਬਿੰਦ ਜਿਊਲਰ ਸ਼ਾਪ ਹੈ। ਬਲਵਿੰਦਰ ਸਿੰਘ ਦੇ ਮੁਤਾ-ਬਕ ਦੁਪਹਿਰ 1.40 ਮਿੰਟ ਉਤੇ ਉਹ ਆਪਣੀ ਦੁਕਾਨ ਦੇ ਅੰਦਰ ਮੌਜੂਦ ਸੀ। ਇਸੇ ਦੌਰਾਨ ਮੋਟਰ ਸਾਈਕਲ 'ਤੇ ਤਿੰਨ ਬਦਮਾਸ਼ ਆਏ। ਇੱਕ ਹੈਲਮਟ ਪਾਈ ਬੈਠਾ ਨੌਜਵਾਨ ਮੋਟਰ ਸਾਈਕਲ ਉੱਤੇ ਬੈਠਾ ਰਿਹਾ, ਜਦ ਕਿ ਦੋ ਨੌਜਵਾਨ ਮੰਕੀ ਕੈਪ ਪਾ ਕੇ ਦੁਕਾਨ ਵਿੱਚ ਆ ਗਏ। ਬਲਵਿੰਦਰ ਸਿੰਘ ਦੇ ਮੁਤਾਬਕ ਨੌਜਵਾਨਾਂ ਦੇ ਕੋਲ ਤਲਵਾਰ ਅਤੇ ਪਿਸਤੌਲ ਸੀ। ਹਥਿਆਰਾਂ ਦੀ ਨੋਕ 'ਤੇ ਬਦਮਾਸ਼ਾਂ ਨੇ ਜਿਊਲਰ ਸ਼ਾਪ ਦੀ ਸੇਫ ਖੁੱਲ੍ਹਵਾਈ ਅਤੇ ਕਰੀਬ ਇੱਕ ਕਿਲੋ ਸੋਨਾ ਲੁੱਟ ਲਿਆ। ਇਸ ਬਾਰੇ ਬਲਵਿੰਦਰ ਸਿੰਘ ਨੇ ਪੁਲਸ ਨੂੰ ਸਾਢੇ ਤਿੰਨ ਵਜੇ ਦੱਸਿਆ, ਜਦੋਂ ਉਹ ਇੱਕ ਵਾਰੀ ਆਪਣੇ ਘਰੋਂ ਵੀ ਹੋ ਆਇਆ ਸੀ ਅਤੇ ਆਪਣੇ ਪਰਿਵਾਰ ਨੂੰ ਵੀ ਇਸ ਬਾਰੇ ਦੱਸਿਆ ਸੀ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲਾ ਸ਼ੱਕੀ ਜਾਪਦਾ ਹੈ।

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਨਾਈ ਸਿੱਖ ਲੜਕਾ, ਕਲੀਨ ਸ਼ੇਵਡ, ਉੱਮਰ 34 ਸਾਲ, ਕੱਦ 6 ਫੁੱਟ, ਕੈਨੇਡੀਅਨ ਸਿਟੀਜਨ, ਸ਼ਾਕਾ ਹਾਰੀ, ਨਸ਼ਾ ਰਹਿਤ, ਵੈਲ ਸੈਟਲਡ, ਆਪਣਾ ਕਾਰੋਬਾਰ, ਤਲਾਕਸ਼ੁਦਾ ਲਈ ਖਾਨਦਾਨੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ, ਵਰਕ ਪਰਮਟ,ਵੀਜ਼ੇਟਰ ਵੀਜ਼ੇ ਤੇ ਆਏ ਜਾਂ ਤਲਾਕਸ਼ਦਾ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-524-8713

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

Check our Free E-paper at: www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ



## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਢੱਲਾ

416.230.4000 • 647.409.1092

www.STARLANEPAINTING.com

# ਪੰਜਾਬ ਵਿੱਚ ਜੇਲ੍ਹ ਵਿਕਾਸ ਬੋਰਡ ਬਣਾਇਆ ਜਾਵੇਗਾ

ਚੰਡੀਗੜ੍ਹ, 5 ਮਾਰਚ (ਪੋਸਟ ਬਿਊਰੋ)- ਤੇਲੰਗਾਨਾ ਰਾਜ ਦੇ ਵਾਂਗ ਪੰਜਾਬ ਵਿੱਚ ਇੱਕ ਜੇਲ੍ਹ ਵਿਕਾਸ ਬੋਰਡ ਬਣਾਇਆ ਜਾਏਗਾ। ਇਸ ਦੇ ਲਈ ਕੱਲ੍ਹ ਵਿਧਾਨ ਸਭਾ ਵਿੱਚ ਬਿਲ ਪਾਸ ਹੋ ਗਿਆ ਹੈ।

ਵਿਧਾਨ ਸਭਾ ਵਿੱਚ ਕੱਲ੍ਹ ਇਹ ਬਿੱਲ ਪੇਸ਼ ਕਰਨ ਪਿੱਛੋਂ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੰਨਿਆ ਕਿ ਜੇਲ੍ਹਾਂ ਵਿੱਚ ਰਸੂਖਦਾਰ ਲੋਕਾਂ ਦਾ ਗਠਜੋੜ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਉਹ ਇਸ ਗਠਜੋੜ ਨੂੰ ਤੋੜਨ ਵਿੱਚ ਲੱਗੇ ਹਨ। ਬਿੱਲ 'ਤੇ ਬਹਿਸ ਦੌਰਾਨ ਸਿਮਰਜੀਤ ਸਿੰਘ ਬੈਂਸ ਨੇ ਕਿਹਾ, ਮੇਰਾ ਜੇਲ੍ਹ ਨਾਲ ਪੁਰਾਣਾ ਰਿਸ਼ਤਾ ਹੈ। ਮੈਨੂੰ ਪਤਾ ਹੈ ਕਿ ਸਥਿਤੀ ਕੀ ਹੈ। ਇਸ ਉੱਤੇ ਮੰਤਰੀ ਨੇ ਕਿਹਾ, ਜੇਲ੍ਹ ਵਿੱਚ ਪੀ ਸੀ ਓ ਦੀ ਗਿਣਤੀ ਵਧਾਈ ਗਈ ਹੈ। ਹਰ ਕੈਦੀ ਤੋਂ ਪਰਵਾਰ ਦੇ 10 ਮੈਂਬਰਾਂ ਦੇ ਨੰਬਰ ਲਏ ਗਏ ਹਨ, ਜਿਹੜੇ 10 ਤੋਂ 15 ਮਿੰਟ



ਗੱਲ ਕਰ ਸਕਦੇ ਹਨ। ਕੋਸ਼ਿਸ਼ ਇਹ ਚੱਲ ਰਹੀ ਹੈ ਕਿ ਹਰ ਬੈਰਕ ਦੇ ਬਾਹਰ ਪੀ ਸੀ ਓ ਸਥਾਪਤ ਹੋ ਜਾਣ। ਮੰਤਰੀ ਨੇ ਕਿਹਾ ਕਿ ਕੈਦੀਆਂ ਨੂੰ ਬੋਰਡ ਦੀਆਂ ਵੱਖ-ਵੱਖ ਸਰਗਰਮੀਆਂ ਵਿੱਚ ਸ਼ਾਮਲ ਕਰ ਕੇ ਆਮਦਨ ਪੈਦਾ ਕਰਨ ਵਿੱਚ ਮਦਦ ਮਿਲੇਗੀ ਅਤੇ ਜੋ ਆਮਦਨ ਹੋਵੇਗੀ, ਉਹ ਖਜ਼ਾਨੇ ਵਿੱਚ ਜਮ੍ਹਾ ਨਹੀਂ ਹੋਵੇਗੀ, ਉਸ ਨੂੰ ਜੇਲ੍ਹ ਦੇ ਵਿਕਾਸ 'ਤੇ ਖਰਚ ਕੀਤਾ ਜਾਏਗਾ। ਬੋਰਡ ਦੀ ਅਗਵਾਈ ਮੁੱਖ ਮੰਤਰੀ ਕਰਨਗੇ ਤੇ ਜੇਲ੍ਹ ਮੰਤਰੀ ਇਸ ਬੋਰਡ ਦੇ ਸੀਨੀਅਰ ਵਾਈਸ ਚੇਅਰਪਰਸਨ ਤੇ ਜੇਲ੍ਹ ਵਿਭਾਗ ਦੇ ਐਡੀਸ਼ਨਲ ਚੀਫ ਸਕੱਤਰ, ਮੁੱਖ ਸਕੱਤਰ, ਸਕੱਤਰ ਇਸ ਦੇ ਵਾਈਸ ਚੇਅਰਪਰਸਨ ਹੋਣਗੇ। ਇਸ ਦੇ ਨਾਲ ਐਡੀਸ਼ਨਲ ਮੁੱਖ ਸਕੱਤਰ, ਪ੍ਰਮੁੱਖ ਸਕੱਤਰ (ਮਾਲ), ਐਡੀਸ਼ਨਲ ਚੀਫ ਸਕੱਤਰ, ਚੀਫ ਸਕੱਤਰ (ਵਿੱਤ), ਸਕੱਤਰ ਕਾਨੂੰਨੀ ਅਤੇ ਵਿਧਾਨਿਕ ਮਾਮਲੇ, ਰਜਿਸਟਰਾਰ ਜਨਰਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਡਾਇਰੈਕਟਰ ਪ੍ਰਾਸੀਕਿਊਸ਼ਨ ਐਂਡ ਲਿਟੀਗੇਸ਼ਨ ਇਸ ਦੇ ਕਾਰਜਕਾਰੀ ਮੈਂਬਰ ਹੋਣਗੇ। ਜੇਲ੍ਹ ਮੰਤਰੀ ਨੇ ਕਿਹਾ ਕਿ ਵਿਧਾਇਕ ਆਪਣੇ ਖੇਤਰ ਵਿੱਚ ਜੇਲ੍ਹ ਦਾ ਨਿਰੀਖਣ ਕਰ ਸਕਦੇ ਹਨ, ਪਰ ਅਜੇ ਤੱਕ ਕਿਸੇ ਵੀ ਵਿਧਾਇਕ ਨੇ ਅਜਿਹਾ ਨਹੀਂ ਕੀਤਾ। ਉਹ ਕੈਦੀਆਂ ਨੂੰ ਮਿਲ ਕਰ ਕੇ ਸਮੱਸਿਆਵਾਂ ਸੁਣ ਸਕਦੇ ਹਨ।

# ਕੋਰੋਨਾ ਕਾਰਨ ਹੋਲੀ ਸਮਾਗਮਾਂ 'ਚ ਮੋਦੀ ਸ਼ਾਮਲ ਨਹੀਂ ਹੋਣਗੇ

ਨਵੀਂ ਦਿੱਲੀ, 5 ਮਾਰਚ (ਪੋਸਟ ਬਿਊਰੋ)- ਭਾਰਤ 'ਚ ਕਰੋਨਾ ਦੇ ਕਈ ਕੇਸ ਸਾਹਮਣੇ ਆਉਣ ਤੋਂ ਬਾਅਦ ਹਰ ਪੱਧਰ 'ਤੇ ਚੌਕਸੀ ਵਰਤੀ ਜਾ ਰਹੀ ਹੈ। ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੋਂ ਲੈ ਕੇ ਸਰਕਾਰ ਦੇ ਲਗੱਭਗ ਸਾਰੇ ਪ੍ਰਮੁੱਖ ਲੋਕਾਂ ਨੇ ਭੀੜ-ਭਾੜ ਵਾਲੇ ਇਲਾਕਿਆਂ ਤੋਂ ਦੂਰ ਰਹਿਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਆਮ ਲੋਕਾਂ ਨੂੰ ਵੀ ਭੀੜ ਵਾਲੀਆਂ ਥਾਵਾਂ ਉਤੇ ਨਾ ਜਾਣ ਦੀ ਸਲਾਹ ਦੇ ਦਿੱਤੀ ਹੈ। ਰਾਸ਼ਟਰਪਤੀ ਭਵਨ ਨੇ ਦੱਸਿਆ ਕਿ ਕਰੋਨਾ ਤੋਂ ਬਚਾਅ ਲਈ ਇਸ ਵਾਰ ਰਵਾਇਤੀ ਹੋਲੀ ਮਿਲਨ ਸਮਾਗਮ ਨਹੀਂ ਕੀਤਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ



ਆਪਣੇ ਟਵਿੱਟਰ ਹੈਂਡਲ ਰਾਹੀਂ ਟਵੀਟ ਕੀਤਾ ਹੈ ਕਿ 'ਵਿਸ਼ਵ ਪੱਧਰੀ ਮਾਹਰਾਂ ਨੇ ਕੋਰੋਨਾ ਵਾਇਰਸ ਦੇ ਫੈਲਣ ਤੋਂ ਬਚਣ ਲਈ ਵੱਡੇ ਇਕੱਠ ਨਾ ਕਰਨ ਦੀ ਸਲਾਹ ਦਿੱਤੀ ਹੈ। ਇਸ ਲਈ ਇਸ ਸਾਲ ਮੈਂ ਹੋਲੀ ਮਿਲਣ ਦੇ ਕਿਸੇ ਪ੍ਰਗਰਾਮ 'ਚ ਨਾ ਜਾਣ ਦਾ ਫ਼ੈਸਲਾ ਕੀਤਾ ਹੈ।' ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਵੀ ਸਮੂਹਿਕ ਇਕੱਠ ਵਾਲੀਆਂ ਥਾਵਾਂ 'ਤੇ ਜਾਣ ਤੋਂ ਬਚਣ ਦੀ ਸਲਾਹ ਦਿੱਤੀ। ਇਸ ਤੋਂ ਬਾਅਦ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਕਿ ਉਹ ਵੀ ਇਸ ਵਾਰ ਕੋਰੋਨਾ ਵਾਇਰਸ ਕਾਰਨ ਹੋਲੀ 'ਤੇ ਕਿਸੇ ਵੀ ਸਮਾਗਮ 'ਚ ਹਿੱਸਾ ਨਹੀਂ ਲੈਣਗੇ। ਇਸ ਤੋਂ ਇਲਾਵਾ ਭਾਜਪਾ ਪ੍ਰਧਾਨ ਜੇ ਪੀ ਨੱਡਾ, ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ, ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਸਮੇਤ ਕਈ ਨੇਤਾਵਾਂ ਨੇ ਹੋਲੀ ਮਿਲਨ ਸਮਾਗਮ 'ਚ ਸ਼ਾਮਲ ਨਾ ਹੋਣ ਦਾ ਐਲਾਨ ਕੀਤਾ ਹੈ।

# ਏਅਰ ਇੰਡੀਆ ਵਿੱਚ 100 ਫੀਸਦੀ ਭਾਈਵਾਲੀ ਐੱਨ ਆਰ ਆਈ ਖਰੀਦ ਸਕਣਗੇ

ਨਵੀਂ ਦਿੱਲੀ, 5 ਮਾਰਚ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕੱਲ੍ਹ ਏਅਰ ਇੰਡੀਆ ਵਿੱਚ 100 ਫੀਸਦੀ ਭਾਈਵਾਲੀ ਲੈਣ ਲਈ ਪਰਵਾਸੀ ਭਾਰਤੀਆਂ (ਐੱਨ ਆਰ ਆਈ) ਨੂੰ ਖੁੱਲ੍ਹ ਦੇ ਦਿੱਤੀ। ਵਰਨਣ ਯੋਗ ਹੈ ਕਿ ਸਰਕਾਰ ਏਅਰ ਇੰਡੀਆ ਵਿੱਚ ਆਪਣੀ ਪੂਰੀ ਭਾਈਵਾਲੀ ਵੇਚ ਰਹੀ ਹੈ।

ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੈਬਨਿਟ ਬੈਠਕ ਵਿੱਚ ਐੱਨ ਆਰ ਆਈਜ਼ ਨੂੰ ਏਅਰ ਇੰਡੀਆ ਵਿੱਚ 100 ਫੀਸਦੀ ਭਾਈਵਾਲੀ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸਰਕਾਰ ਨੇ ਦੇਸ਼ ਵਿੱਚ ਕਾਰੋਬਾਰ ਵਿੱਚ ਸੁਖਾਲਾ ਕਰਨ ਤੇ ਕੰਪਨੀਆਂ ਦੀਆਂ ਛੋਟੀਆਂ



ਗਲਤੀਆਂ ਲਈ ਸਜ਼ਾ ਦੀ ਵਿਵਸਥਾ ਨੂੰ ਖਤਮ ਕਰਨ ਜਾਂ ਜੁਰਮਾਨਾ ਹਲਕਾ ਕਰਨ ਲਈ ਕੰਪਨੀ ਕਾਨੂੰਨ ਵਿੱਚ ਸੋਧ ਦੇ ਮਤੇ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਵਿੱਚ ਕਈ ਤਰ੍ਹਾਂ ਦੀਆਂ ਗਲਤੀਆਂ ਨੂੰ ਜੁਰਮ ਦੀ ਸ਼੍ਰੇਣੀ ਤੋਂ ਹਟਾਉਣ ਦੇ ਨਾਲ ਛੋਟੀਆਂ ਕੰਪਨੀਆਂ ਨੂੰ ਸਮਾਜੀ ਜ਼ਿੰਮੇਵਾਰ ਕਮੇਟੀ ਬਣਾਉਣ ਦੀ ਜ਼ਿੰਮੇਵਾਰੀ ਤੋਂ ਮੁਕਤ ਕਰਨ ਦੇ ਮਤਾ ਸ਼ਾਮਲ ਹਨ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਲਵ ਹਾਰਮੋਨ ਉੱਤੇ ਨਿਰਭਰ ਕਰਦੀ ਹੈ ਬਦਲਾ ਲੈਣ ਦੀ ਇੱਛਾ

ਬੀਜਿੰਗ, 5 ਮਾਰਚ (ਪੋਸਟ ਬਿਊਰੋ)- ਕੀ ਕਿਸੇ ਨੇ ਕਦੇ ਸੋਚਿਆ ਹੈ ਕਿ ਜਦ ਕੋਈ ਤੁਹਾਡੇ ਉਤੇ ਹਮਲਾ ਕਰਦਾ ਹੈ ਤਾਂ ਅਚਾਨਕ ਅਜਿਹਾ ਕੀ ਹੋ ਜਾਂਦਾ ਹੈ ਜਿਸ ਕਾਰਨ ਤੁਸੀਂ ਭੜਕ ਜਾਂਦੇ ਹੋ। ਅਸਲ ਵਿੱਚ ਇਸ ਸਭ ਦੇ ਪਿੱਛੇ ਤੁਹਾਡਾ ਪੂਰਾ ਦਿਮਾਗ ਕੰਮ ਕਰ ਰਿਹਾ ਹੁੰਦਾ ਹੈ, ਜਿਹੜਾ ਪ੍ਰਤੀਕਿਰਿਆ ਦੇਂਦਾ ਹੈ। ਇੱਕ ਸਰਵੇ ਅਨੁਸਾਰ ਸੰਘਰਸ਼ ਵਿੱਚ ਉਲਝੇ ਲੋਕਾਂ ਵਿੱਚ 'ਲਵ ਹਾਰਮੋਨ' ਆਕਸੀਟੋਸਿਨ ਦਾ ਪੱਧਰ ਵਧ ਸਕਦਾ ਹੈ ਤੇ ਇਹ ਫੈਸਲਾ ਲੈਣ ਦੀ ਗਤੀਵਿਧੀ ਨਾਲ ਜੁੜੇ ਦਿਮਾਗ ਨੂੰ ਪ੍ਰਭਾਵਤ ਕਰ ਸਕਦਾ ਹੈ। ਇਸ ਸਰਵੇ ਵਿੱਚ ਉਨ੍ਹਾਂ ਸਬੂਤਾਂ 'ਤੇ ਜ਼ਿਆਦਾ ਚਾਨਣ ਪਾਇਆ ਗਿਆ ਹੈ ਜਿਸ ਤੋਂ ਲੋਕ ਬਦਲਾ ਲੈਣ ਲਈ ਉਤਾਰੂ ਹੋ ਜਾਂਦੇ ਹਨ। ਮੈਗਜ਼ੀਨ ਈਲਾਈਫ ਵਿੱਚ ਛਪੇ ਸਰਵੇ ਵਿੱਚ ਕਿਹਾ ਗਿਆ ਹੈ ਕਿ ਹਾਰਮੋਨ ਦਾ ਪੱਧਰ ਵਧਣ ਨਾਲ ਗਰੁੱਪ ਵਿੱਚ ਪਿਆਰ ਅਤੇ ਹਮਦਰਦੀ ਦੀ ਭਾਵਨਾ ਵਧਦੀ ਹੈ ਅਤੇ ਜਦ ਕੋਈ ਬਾਹਰੀ ਗਰੁੱਪ ਹਮਲਾ ਕਰਦਾ ਹੈ ਤਾਂ ਬਦਲਾ ਲੈਣ ਦੀ ਇੱਛਾ ਵਧ ਜਾਂਦੀ ਹੈ।

ਚੀਨ ਦੀ ਬੀਜਿੰਗ ਯੂਨੀਵਰਸਿਟੀ ਦੇ ਖੋਜਕਾਰਾਂ ਦਾ ਸਰਵੇ ਇਹ ਪਤਾ ਲਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਜਦ ਕੋਈ ਝੜਪ ਕੁਝ ਲੋਕਾਂ ਵਿੱਚ ਸ਼ੁਰੂ ਹੁੰਦੀ ਹੈ ਤਾਂ ਉਹ ਪੂਰੇ ਫਿਰਕੇ ਤੱਕ ਕਿਵੇਂ ਫੈਲ ਜਾਂਦੀ ਹੈ। ਇਸ ਯੂਨੀਵਰਸਿਟੀ ਦੇ ਸਰਵੇ ਦੇ ਮੁੱਖ ਲੇਖਕ ਸ਼ਿਆਓਚੁਨ ਹਾਨ ਨੇ ਕਿਹਾ ਕਿ ਝੜਪ ਦੇ ਦੌਰਾਨ ਕਿਸੇ ਹਮਲੇ ਦਾ ਬਦਲਾ ਲੈਣ ਦੀ ਇੱਛਾ ਸਾਰੇ ਮਨੁੱਖਾਂ ਵਿੱਚ ਹੁੰਦੀ ਹੈ, ਪਰ ਇਸ ਪਿੱਛੇ ਦੀ ਨਿਊਰੋਬਾਇਓਲਾਜੀਕਲ ਪ੍ਰਕਿਰਿਆ ਸਪੱਸ਼ਟ ਨਹੀਂ। ਪਹਿਲਾਂ ਦੇ ਸਰਵਿਆਂ ਦੇ ਆਧਾਰ 'ਤੇ ਉਨ੍ਹਾਂ ਨੇ ਕਿਹਾ ਕਿ ਆਕਸੀਟੋਸਿਨ ਕਿਸੇ ਸਮੂਹ ਵਿੱਚ ਹਮਦਰਦੀ ਦੀ ਭਾਵਨਾ ਵਿੱਚ ਭੂਮਿਕਾ ਨਿਭਾਉਂਦਾ ਹੈ ਅਤੇ ਫਰਕ ਸਮੂਹ ਸੰਘਰਸ਼ ਨੂੰ ਕੰਟਰੋਲ ਕਰਦਾ ਹੈ।

## ਅਮਰੀਕਾ ਦੇ ਟੈਨੇਸੀ ਸੂਬੇ ਵਿੱਚ ਭਿਆਨਕ ਤੂਫਾਨ ਨਾਲ 25 ਮੌਤਾਂ







ਵਾਸ਼ਿੰਗਟਨ, 5 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਟੈਨੇਸੀ ਸੂਬੇ ਵਿੱਚ ਆਏ ਭਿਆਨਕ ਤੂਫਾਨ ਨਾਲ ਘੱਟ ਤੋਂ ਘੱਟ 25 ਲੋਕਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ ਵਿੱਚ ਛੋਟੇ-ਛੋਟੇ ਬੱਚੇ ਵੀ ਸ਼ਾਮਲ ਹਨ। ਇਸ ਤੂਫਾਨ ਦੇ ਕਾਰਨ ਕਈ ਇਮਾਰਤਾਂ ਢਹਿ-ਢੇਰੀ ਹੋ ਗਈਆਂ ਅਤੇ ਬਿਜਲੀ ਦੇ ਖੰਭੇ ਵੀ ਡਿੱਗ ਗਏ। ਪ੍ਰਭਾਵਤ ਖੇਤਰਾਂ ਵਿੱਚ ਸਕੂਲ, ਕਾਲਜ ਅਤੇ ਹਵਾਈ ਅੱਡੇ ਬੰਦ ਕਰ ਦਿੱਤੇ ਗਏ ਹਨ। ਤੂਫਾਨ ਦੇ ਕਾਰਨ ਦੱਖਣੀ ਅਮਰੀਕੀ ਸੂਬੇ 'ਚ ਰਾਸ਼ਟਰਪਤੀ ਅਹੁਦੇ ਲਈ ਪ੍ਰਾਇਮਰੀ ਚੋਣਾਂ ਦੇ ਵਾਸਤੇ ਹੋਣ ਵਾਲੀ ਵੋਟਿੰਗ ਦਾ ਸਮਾਂ ਵਧਾ ਦਿੱਤਾ ਗਿਆ ਹੈ।

ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਘਰਾਂ ਦੇ ਤੂਫਾਨ ਦੀ ਲਪੇਟ ਵਿੱਚ ਆਉਣ ਮਗਰੋਂ ਸਥਾਨਕ ਲੋਕ ਆਪਣੀ ਜਾਨ ਬਚਾਉਣ ਲਈ ਭੱਜਦੇ ਵੇਖੇ ਗਏ। ਹਜ਼ਾਰਾਂ ਲੋਕਾਂ ਦੇ ਘਰਾਂ ਦੀ ਬੱਤੀ ਗੁੱਲ ਹੋ ਗਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੀੜਤਾਂ ਦੇ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ ਹੈ। ਰਾਸ਼ਟਰੀ ਵਾਲੰਟੀਅਰ ਵਿਭਾਗ ਨੇ ਇਸ ਬਾਰੇ ਟਵੀਟ ਕੀਤਾ ਹੈ ਕਿ 'ਆਪਣੀ ਸੁਰੱਖਿਆ ਕਰੋ। ਇਹ ਬਹੁਤ ਖਤਰਨਾਕ ਤੂਫਾਨ ਹੈ।" ਗਵਰਨਰ ਬਿਲ ਲੀ ਨੇ ਟਵਿੱਟਰ 'ਤੇ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ 25 ਹੋ ਗਈ ਹੈ। ਮੇਅਰ ਜਾਨ ਕੂਪਰ ਨੇ ਕਿਹਾ ਕਿ ਕਰੀਬ 150 ਲੋਕਾਂ ਨੂੰ ਮੈਡੀਕਲ ਕੇਂਦਰਾਂ ਤੱਕ ਲੈ ਜਾਇਆ ਗਿਆ ਹੈ, ਜਦ ਕਿ ਸ਼ਹਿਰ ਵਿੱਚ ਤਕਰੀਬਨ 50 ਇਮਾਰਤਾਂ ਢਹਿ ਢੇਰੀ ਹੋ ਗਈਆਂ ਹਨ।

## ਬ੍ਰਿਟੇਨ ਵਿੱਚ ਭਾਰਤੀ ਮੂਲ ਦੀ ਮਹਿਲਾ ਦਾ ਚਾਕੂ ਮਾਰ ਕੇ ਕਤਲ

ਲੰਡਨ, 5 ਮਾਰਚ (ਪੋਸਟ ਬਿਊਰੋ)- ਇੰਗਲੈਂਡ ਦੇ ਲੀਸਟਰ ਸ਼ਹਿਰ ਵਿਚ ਇਸ ਹਫਤੇ ਭਾਰਤੀ ਮੂਲ ਦੀ ਇਕ ਔਰਤ ਨੂੰ ਚਾਕੂ ਮਾਰ ਕੇ ਮਾਰ ਦਿੱਤਾ ਗਿਆ ਹੈ। ਸਥਾਨਕ ਪੁਲਸ ਨੇ ਉਸ ਦੀ ਪਛਾਣ ਭਾਵਿਨੀ ਪ੍ਰਵੀਨ ਦੇ ਰੂਪ ਵਿਚ ਕੀਤੀ ਹੈ। ਇਸ ਕੇਸ ਵਿਚ ਭਾਰਤੀ ਮੂਲ ਦੇ 23 ਸਾਲਾ ਜਿਗੁਕੁਮਾਰ ਸੋਰਥੀ ਨੂੰ ਸ਼ੱਕ ਉੱਤੇ ਗ੍ਰਿਫਤਾਰ ਕਰਕੇ ਬੁੱਧਵਾਰ ਨੂੰ ਲੀਸਟਰ ਕੋਰਟ ਵਿਚ ਪੇਸ਼ ਕੀਤਾ ਗਿਆ, ਜਿਸ ਉੱਤੇ ਇਕ ਬਲੇਡ ਜਾਂ ਨੁਕੀਲਾ ਹਥਿਆਰ ਰੱਖਣ ਅਤੇ ਕਤਲ ਕਰਨ ਦਾ ਦੋਸ਼ ਹੈ। ਪੁਲਸ ਪ੍ਰਵੀਨ ਦੀ ਹੱਤਿਆ ਦੇ ਕਾਰਨ ਲੱਭਣ ਦੇ ਲਈ ਜਾਂਚ ਕਰ ਰਹੀ ਹੈ। ਕਤਲ ਦੀ ਜਾਂਚ ਕਰਦੀ ਇਸ ਟੀਮ ਦੀ ਅਗਵਾਈ ਕਰ ਰਹੇ ਈਸਟ ਮਿਡਲੈਂਡਜ਼ ਸਪੈਸ਼ਲ ਆਪਰੇਸ਼ਨਸ ਯੂਨਿਟ ਦੇ ਮੇਜਰ ਕ੍ਰਾਈਮ ਟੀਮ ਦੇ ਜਾਸੂਸ ਇੰਸਪੈਕਟਰ ਕੇਨੀ ਹੈਨਰੀ ਨੇ ਕਿਹਾ, 'ਪ੍ਰਵੀਨ ਦੀ ਦੁਖਦਾਈ ਮੌਤ ਦੀ ਜਾਂਚ ਜਾਰੀ ਹੈ ਅਤੇ ਮੈਂ ਇਸ ਘਟਨਾ ਦੀ ਜਾਣਕਾਰੀ ਦੇਣ ਵਾਲੇ ਕਿਸੇ ਵੀ ਵਿਅਕਤੀ ਨਾਲ ਸੰਪਰਕ ਕਰਨਾ



ਚਾਹੁੰਦਾ ਹਾਂ।' ਅਧਿਕਾਰੀਆਂ ਨੂੰ ਸੋਮਵਾਰ ਈਸਟ ਮਿਡਲੈਂਡਜ਼ ਐਂਬੁਲੈਂਸ ਸੇਵਾ ਵੱਲੋਂ ਲੀਸਟਰ ਦੇ ਮੂਰੇਸ ਰੋਡ ਦੀ ਇਕ ਜਾਇਦਾਦ ਵਿਖੇ ਸੱਦਿਆ ਗਿਆ ਸੀ। ਦੱਸਿਆ ਗਿਆ ਕਿ ਇਕ ਮਹਿਲਾ ਇਸ ਜਾਇਦਾਦ ਦੇ ਅੰਦਰ ਗੰਭੀਰ ਜ਼ਖਮੀ ਹਾਲਤ ਵਿਚ ਹੈ। ਪ੍ਰਵੀਨ ਨੂੰ ਘਟਨਾ ਸਥਾਨ ਉੱਤੇ ਮ੍ਰਿਤਕ ਐਲਾਨ ਕਰ ਕੇ ਹੱਤਿਆ ਦੀ ਜਾਂਚ ਸ਼ੁਰੂ ਕੀਤੀ ਗਈ। ਪੋਸਟ ਮਾਰਟਮ ਰਿਪੋਰਟ ਤੋਂ ਖੁਲਾਸਾ ਹੋਇਆ ਕਿ ਪੀੜਤਾ ਦੀ ਮੌਤ ਚਾਕੂ ਦੇ ਜ਼ਖਮਾਂ ਕਾਰਨ ਹੋਈ ਸੀ। ਅਧਿਕਾਰੀ ਇਸ ਬਾਰੇ ਜਾਂਚ ਵਿਚ ਜੁਟੇ ਹੋਏ ਹਨ। ਉਹ ਸੀ ਸੀ ਟੀ ਵੀ ਫੁਟੇਜ ਦੇ ਰਾਹੀਂ ਕਾਤਲ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ।

## ਵੈਨਜ਼ੂਏਲਾ ਦੇ ਰਾਸ਼ਟਰਪਤੀ ਮਾਦੂਰੋ ਨੇ ਕਿਹਾ: ਹਰ ਔਰਤ ਛੇ ਬੱਚੇ ਜੰਮੇ

ਕਰਾਕਸ, 5 ਮਾਰਚ (ਪੋਸਟ ਬਿਊਰੋ)- ਦੱਖਣੀ ਅਮਰੀਕੀ ਦੇਸ਼ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੇ ਇਕ ਬੇਤੁਕੀ ਇੱਛਾ ਪ੍ਰਗਟ ਕੀਤੀ ਹੈ। ਉਹ ਚਾਹੁੰਦੇ ਹਨ ਕਿ ਦੇਸ਼ ਨੂੰ ਮਜ਼ਬੂਤ ਕਰਨ ਅਤੇ ਆਬਾਦੀ ਵਧਾਉਣ ਲਈ ਹਰ ਔਰਤ ਛੇ ਬੱਚਿਆਂ ਨੂੰ ਜਨਮ ਦੇਵੇ। ਆਰਥਿਕ ਤੌਰ ਉੱਤੇ ਬਦਹਾਲ ਵੈਨੇਜ਼ੁਏਲਾ ਦੀ ਵੱਡੀ ਆਬਾਦੀ ਪਿਛਲੇ ਕੁਝ ਸਾਲਾਂ ਵਿਚ ਹਿਜਰਤ ਕਰ ਗਈ ਹੈ ਅਤੇ ਦੇਸ਼ ਦੀ ਆਰਥਿਕ ਹਾਲਤ ਕਾਫੀ ਖਰਾਬ ਹੈ।

ਰਾਸ਼ਟਰਪਤੀ ਮਾਦੂਰੋ ਨੇ ਮੰਗਲਵਾਰ ਟੈਲੀਵਿਜ਼ਨ ਉੱਤੇ ਇਕ ਪ੍ਰੋਗਰਾਮ



ਵਿਚ ਇਹ ਇੱਛਾ ਪ੍ਰਗਟ ਕੀਤੀ ਹੈ। ਇਹ ਪ੍ਰੋਗਰਾਮ ਜਨਮ ਦਰ ਵਧਾਉਣ ਦੀਆਂ ਵੱਖ-ਵੱਖ ਵਿਧੀਆਂ ਨੂੰ ਉਤਸ਼ਾਹ ਦੇਣ ਲਈ ਹੋਇਆ ਸੀ। ਰਾਸ਼ਟਰਪਤੀ ਨੇ ਇਸ ਵਿਚ ਇਕ ਔਰਤ ਨੂੰ ਕਿਹਾ ਕਿ ਛੇ ਮੁੰਡੇ-ਕੁੜੀਆਂ ਨੂੰ ਜਨਮ ਦੇਣ ਲਈ ਤੁਹਾਡੇ ਉੱਤੇ ਈਸ਼ਵਰ ਕ੍ਰਿਪਾ ਕਰੇ। ਹਰ ਔਰਤ ਦੇ ਛੇ ਬੱਚੇ ਹੋਣੇ ਚਾਹੀਦੇ ਹਨ, ਇਸ ਨਾਲ ਸਾਡਾ ਦੇਸ਼ ਤਰੱਕੀ ਕਰੇਗਾ।

ਮਾਦੂਰੋ ਦੇ ਇਸ ਬਿਆਨ ਦੀ ਕਈ ਮਨੁੱਖੀ ਅਧਿਕਾਰ ਵਰਕਰਾਂ ਤੇ ਸੰਗਠਨਾਂ ਨੇ ਤਿੱਖੀ ਆਲੋਚਨਾ ਕੀਤੀ ਹੈ। ਯੂ ਐੱਨ ਓ ਅਨੁਸਾਰ ਵੈਨੇਜ਼ੁਏਲਾ ਦੀ ਅਰਥ-ਵਿਵਸਥਾ ਤਬਾਹ ਹੈ। ਇਸ ਲਈ ਸਿਆਸੀ ਉਤਾਰ-ਚੜ੍ਹਾਅ ਨਾਲ ਜੂਝਦੇ ਇਸ ਦੇਸ਼ ਤੋਂ ਕਰੀਬ 45 ਲੱਖ ਲੋਕ ਹਿਜਰਤ ਕਰ ਗਏ ਹਨ। ਕਰੀਬ ਤਿੰਨ ਕਰੋੜ ਆਬਾਦੀ ਵਾਲੇ ਦੇਸ਼ ਵਿਚ 93 ਲੱਖ ਲੋਕ ਦੋ ਵਕਤ ਦੀ ਰੋਟੀ ਦਾ ਵੀ ਜੁਗਾੜ ਨਹੀਂ ਕਰ ਸਕਦੇ।

## ਭਾਰਤੀ ਮੂਲ ਦੀ ਜਾਸੂਸ ਨੂਰ ਇਨਾਇਤ ਨੂੰ ਬ੍ਰਿਟੇਨ ਵੱਡਾ ਸਨਮਾਨ ਦੇਵੇਗਾ

ਲੰਡਨ, 5 ਮਾਰਚ (ਪੋਸਟ ਬਿਊਰੋ)- ਦੂਜੇ ਵਿਸ਼ਵ ਯੁੱਧ ਵਿਚ ਬ੍ਰਿਟੇਨ ਵੱਲੋਂ ਜਾਸੂਸੀ ਕਰਦੀ ਰਹੀ ਨੂਰ ਇਨਾਇਤ ਖਾਨ ਭਾਰਤੀ ਮੂਲ ਦੀ ਪਹਿਲੀ ਮਹਿਲਾ ਹੋਵੇਗੀ, ਜਿਹਨਾਂ ਨੂੰ 'ਮੈਮੋਰੀਅਲ ਬਲੂ ਪਲੇਕ' ਸਨਮਾਨ ਮਿਲੇਗਾ। ਇਹ ਬਲੂ ਪਲੇਕ ਇਸੇ ਸਾਲ ਉਨ੍ਹਾਂ ਦੇ ਲੰਡਨ ਵਾਲੇ ਘਰ ਉੱਤੇ ਲਾਈ ਜਾਵੇਗੀ।

ਵਰਨਣ ਯੋਗ ਹੈ ਕਿ ਇੰਗਲਿਸ਼ ਹੈਰੀਟੇਜ਼ ਚੈਰਿਟੀ ਵੱਲੋਂ ਇਹ ਬਲੂ ਪਲੇਕ ਸਕੀਮ ਚਲਾਈ ਜਾਂਦੀ ਹੈ, ਜਿਸ ਨਾਲ ਖਾਸ ਲੋਕਾਂ ਨੂੰ ਇਹ ਸਨਮਾਨ ਮਿਲਦਾ ਹੈ, ਜਿਨ੍ਹਾਂ ਦਾ ਘਰ ਲੰਡਨ ਦੀਆਂ ਕੁਝ ਇਮਾਰਤਾਂ ਵਿਚ ਹੁੰਦਾ ਹੈ। ਨੂਰ ਇਨਾਇਤ ਖਾਨ ਦਾ ਪਲੇਕ ਬਲੂਮਸਬਰੀ ਦੇ 4 ਤੈਵਿਤਨ ਸਟ੍ਰੀਟ ਵਿਚ ਲਾਇਆ ਜਾਵੇਗਾ, ਜਿੱਥੇ ਉਹ ਦੂਜੇ ਵਿਸ਼ਵ ਯੁੱਧ ਦੌਰਾਨ ਇਕ ਸੀਕਰੇਟ ਏਜੰਟ ਵਾਂਗ ਰਹਿੰਦੀ ਸੀ। ਨੂਰ ਇਨਾਇਤ ਖਾਨ ਉਨ੍ਹਾਂ 6 ਔਰਤਾਂ ਵਿਚੋਂ ਹੈ, ਜਿਨ੍ਹਾਂ ਨੂੰ ਬਲੂ ਪਲੇਕ ਨਾਲ 2020 ਵਿਚ ਸਨਮਾਨਿਤ ਕੀਤਾ ਜਾਣਾ ਹੈ। ਹਾਲੇ ਤੱਕ ਕਰੀਬ 950 ਬਲੂ ਪਲੇਕ ਲਾਏ ਗਏ ਹਨ, ਜਿਨ੍ਹਾਂ ਵਿਚੋਂ ਕੁੱਲ 14 ਫੀਸਦੀ ਔਰਤਾਂ ਹਨ। ਲੰਡਨ ਦੇ ਸਕਵੇਅਰ ਗਾਰਡਨ ਵਿਚ ਉਸ ਘਰ ਕੋਲ 8 ਨਵੰਬਰ 2012 ਨੂਰ ਇਨ-ਾਇਤ ਖਾਨ ਦੀ ਮੂਰਤੀ ਦਾ ਉਦਘਾਟਨ ਹੋਇਆ ਸੀ, ਜਿੱਥੇ ਉਹ ਬਚਪਨ ਵਿਚ ਰਹੀ ਸੀ। ਨੂਰ ਦਾ ਜਨਮ 1914 ਵਿਚ ਮਾਸਕੋ ਵਿਚ ਹੋਇਆ ਸੀ। ਉਹ 18ਵੀਂ ਸਦੀ ਵਿਚ ਮੈਸੂਰ ਦੇ ਰਾਜਾ ਟੀਪੂ ਸੁਲਤਾਨ ਦੀ ਵੰਸ਼ ਸੀ। ਉਸ ਦੇ ਪਿਤਾ ਹਜ਼ਰਤ ਇਨਾਇਤ ਖਾਨ ਮੈਸੂਰ ਦੇ ਰਾਜਾ ਟੀਪੂ ਸੁਲਤਾਨ ਦੇ ਪੜਪੋਤੇ ਸਨ ਤੇ ਮਾਂ ਓਰਾ ਮੀਨਾ ਰੇ ਬੇਕਰ (ਅਮੀਨਾ ਬੇਗਮ) ਅਮਰੀਕੀ ਮਹਿਲਾ ਸੀ। ਪਹਿਲਾਂ ਨੂਰ ਇਕ ਵਾਲੰਟੀਅਰ ਵਜੋਂ



ਬ੍ਰਿਟੇਨ ਦੀ ਫੌਜ ਵਿਚ ਭਰਤੀ ਹੋਈ, ਪਰ ਪਿੱਛੋਂ ਏਅਰਫੋਰਸ ਦੀ ਸਹਾਇਕ ਮਹਿਲਾ ਯੂਨਿਟ ਵਿਚ ਚਲੀ ਗਈ। ਉਸ ਨੂੰ ਫ੍ਰੈਂਚ ਦੀ ਚੰਗੀ ਜਾਣਕਾਰੀ ਤੇ ਬੋਲਣ ਸਮਰੱਥਾ ਨੇ ਸਪੈਸ਼ਲ ਆਪਰੇਸ਼ਨਜ਼ ਗਰੁੱਪ ਦਾ ਧਿਆਨ ਆਪਣੇ ਵੱਲ ਖਿੱਚਿਆ ਤਾਂ ਜਾਸੂਸ ਬਣਨ ਲਈ ਤਿਆਰ ਹੋ ਗਈ। ਜਲਦੀ ਹੀ ਉਸ ਨੇ ਫਰਾਂਸ ਦੇ ਇਕ ਸ਼ਹਿਰ ਤੋਂ ਮਹਿਲਾ ਜਾਸੂਸ ਟੀਮ ਨਾਲ ਕੰਮ ਸ਼ੁਰੂ ਕਰ ਦਿੱਤਾ। ਉਸ ਨੂੰ ਦੂਜੇ ਵਿਸ਼ਵ ਯੁੱਧ ਦੌਰਾਨ ਸਪੈਸ਼ਲ ਆਪਰੇਸ਼ਨ ਐਗਜ਼ੀਕਿਊਟਿਵ ਵਿਚ ਸ਼ਾਨਦਾਰ ਕੰਮ ਲਈ ਜਾਣਿਆ ਜਾਂਦਾ ਹੈ। ਨੂਰ ਬ੍ਰਿਟੇਨ ਦੀ ਪਹਿਲੀ ਮੁਸਲਿਮ ਵਾਰ ਹੀਰੋਇਨ ਤੇ ਪਹਿਲੀ ਮਹਿਲਾ ਰੇਡੀਓ ਆਪਰੇਟਰ ਸੀ, ਜਿਸ ਨੂੰ ਨਾਜ਼ੀਆਂ ਦੇ ਕਬਜ਼ੇ ਵਾਲੇ ਫਰਾਂਸ ਵਿਚ ਭੇਜਿਆ ਗਿਆ ਸੀ। ਫਰਾਂਸ ਵਿਚ ਉਸ ਦਾ ਕੰਮ ਛਾਪਾਮਾਰ ਕਾਰਵਾਈਆਂ ਵਧਾਉਣ ਦਾ ਸੀ। ਸਾਲ 1943 ਵਿਚ ਉਹ ਸੀਕਰੇਟ ਏਜੰਟ ਬਣੀ ਅਤੇ ਜੂਨ 1943 ਵਿਚ ਉਸ ਨੂੰ ਰੇਡੀਓ ਆਪਰੇਟਰ ਦੀ ਸਿਖਲਾਈ ਦੇ ਕੇ ਫਰਾਂਸ ਭੇਜ ਦਿੱਤਾ ਗਿਆ। ਅਕਤੂਬਰ 1943 ਵਿੱਚ ਨੂਰ ਲਈ ਇੱਕ ਬੁਰਾ ਦਿਨ ਸੀ, ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਕਾਫੀ ਪੁੱਛਗਿੱਛ ਕੀਤੀ ਗਈ, ਪਰ ਉਸ ਨੇ ਮੂੰਹ ਨਹੀਂ ਖੋਲ੍ਹਿਆ। ਆਖਰ ਉਸ ਨੂੰ ਜਰਮਨ ਜੇਲ ਵਿਚ ਭੇਜ ਦਿੱਤਾ ਗਿਆ।







CANADA PLANS TO WELCOME
1 MILLION IMMIGRANTS BY 2021
Follow a career that knows no borders.
SELIM KOYUNCU, RCIC
Immigration Consultant
Diploma Program, 2010
ICCRC ACCREDITED EDUCATIONAL PROGRAM
IMMIGRATION CONSULTANT DIPLOMA PROGRAM
Join one of the country's leading immigration practitioner programs and become a regulated Canadian immigration consultant.
FULL-TIME | PART-TIME | LIVE ONLINE
The IMCD program is eligible for Canada Student Loans.
Visit AshtonCollege.ca for more information.
HUMAN RESOURCES MANAGEMENT DIPLOMA | BOOKKEEPING CERTIFICATE
RED SEAL EXAM PREP COURSES
Ashton
Vancouver | Abbotsford | LIVE Online
ashtoncollege.ca




Ontario
Tom Rakocevic
MPP Humber River-Black Creek
2300 Finch Avenue West, Unit 38
North York, ON M9M 2Y3
416-743-7272 | TRakocevic-CO@ndp.on.ca




NU WAY
TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS
CRUISES
VACATIONS
TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA
PIA
ETIHAD
KLM
SWISS
BRITISH AIRWAYS
JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
tico.ca
IATA
Call Us For Guaranteed Lowest Airfare
ANY Airline Time Destination Around the World
WESTJET vacations
transat
sunwing
AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

PASS PASS PULSE
PRAN JAAYE PAR PULSE NA JAAYE
India's No 1 Candy with a tangy twist Now Available in 5 flavours all across #Canada
Kaccha Aam, Guava, Pineapple, Orange
AAHA FOODS
Wholesale Company of Ethnic Food Products
(A Division of SR India Marketing INC)
Unit No. 2, 1850 Ellesmere Road, Scarborough, ON M1H 2V5 Canada
+1 416-925-6339, +1 416-666-8525 ,+1 647-831-9149, Fax: 647-351-7157
Email: siva@srimi.com , ram@srimi.com
www.aahafoods.ca
aahafoodscanada




AAHA FOODS
Presents
Rajnigandha
Silver Pearls
From the makers of
Rajnigandha.
100 years old trusted Brand
"Silver coated Cardamom"
AAHA FOODS
Unit No. 2, 1850 Ellesmere Road,Scarborough, ON M1H 2V5 Canada
+1 416-925-6339, +1 416-666-8525,+1 647-831-9149
Fax: 647-351-7157, Email: siva@srimi.com , ram@srimi.com
www.aahafoods.ca
aahafoodscanada

